# 25

# ਦੋ ਰਾਹ

## (ਪਹਾੜੀ ਉਪਦੇਸ਼, 2)

### ਬਾਈਬਲ ਪਾਠ #9

V. ਦੂਜੇ ਤੋਂ ਤੀਜੇ ਪਸਾਹ ਤਕ (ਚੱਲਦਾ)।

ਕ. ਪਹਾੜੀ ਉਪਦੇਸ਼ (ਚੱਲਦਾ)।

6. ਦੁਨੀਆਂ ਦੀਆਂ ਫ਼ਿਕਰਾਂ ਦੇ ਉਲਟ ਸੁਰਗੀ ਭੰਡਾਰ ਸੁਰੱਖਿਅਤ ਹਨ (ਮੱਤੀ 6:19–34)।
7. ਨਿਆਂ ਕਰਨ ਤੇ ਸਿੱਖਿਆ (ਮੱਤੀ 7:1–6; ਲੂਕਾ 6:37–42)।
8. ਦੋਸ਼ ਲਾਉਣ ਤੇ ਸਿੱਖਿਆ (ਮੱਤੀ 7:7–11)।
9. ਸੁਨਹਿਰੀ ਨਿਅਮ (ਮੱਤੀ 7:12; ਲੂਕਾ 6:31)।
10. ਦੋ ਰਾਹ– ਅਤੇ ਝੂਠੇ ਨਬੀ (ਮੱਤੀ 7:13–23; ਲੂਕਾ 6:43–45)।
11. ਸਿੱਟਾ ਅਤੇ ਪਰਸੰਗਕਤਾ (ਦੋ ਮਕਾਨ ਬਣਾਉਣ ਵਾਲੇ) (ਮੱਤੀ 7:24–29; ਲੂਕਾ 6:46–49)।

### ਜਾਣ ਪਛਾਣ

ਜੌਨ ਸਟਾਟ ਨੇ ਲਿਖਿਆ ਹੈ,

> ਪਹਾੜੀ ਉਪਦੇਸ਼ ਸੰਭਵ ਤੌਰ ਤੇ ਯਿਸੂ ਦੀ ਸਿੱਖਿਆ ਦਾ ਸਭ ਤੋਂ ਪ੍ਰਸਿੱਧ ਹਿੱਸਾ ਹੈ, ਜਦਕਿ ਇਸ ਬਾਰੇ ਸਮਝ ਬੜੀ ਘੱਟ ਹੈ, ਅਤੇ ਯਕੀਨਨ ਇਸ ਦਾ ਸਭ ਤੋਂ ਘੱਟ ਪਾਲਨ ਕੀਤਾ ਜਾਂਦਾ ਹੈ, ਇਹ ਉਸ ਦੇ ਮੂੰਹੋਂ ਬੋਲੇ ਮੈਨੀਫੈਸਟੋ ਦੇ ਨੇੜੇ ਦੀ ਕਹੀ ਗੱਲ ਹੈ, ਕਿਉਂਕਿ ਇਹ ਉਸ ਦੀ ਆਪਣੀ ਵਿਆਖਿਆ ਹੈ ਕਿ ਉਹ ਆਪਣੇ ਚੇਲਿਆਂ ਨੂੰ ਕੀ ਕਹਿਣਾ ਅਤੇ ਉਨ੍ਹਾਂ ਤੋਂ ਕੀ ਕਰਵਾਉਣਾ ਚਾਹੁੰਦਾ ਸੀ।[1]

ਈ. ਸਟੈਨਲੀ ਜੌਨ ਨੇ ਆਖਿਆ, ''ਆਧੁਨਿਕ ਮਸੀਹੀਅਤ ਦੀ ਸਭ ਤੋਂ ਵੱਡੀ ਲੋੜ ਵਿਹਾਰਕ ਜ਼ਿੰਦਗੀ ਦੇ ਇੱਕੋ ਇਕ ਢੰਗ ਦੇ ਰੂਪ ਵਿਚ ਪਹਾੜੀ ਉਪਦੇਸ਼ ਦੀ ਮੁੜ ਖੋਜ ਕਰਨਾ ਹੈ।''[2] ਹਾਰਵੇ ਸਕਾਟ ਨੇ ਮੱਤੀ 5–7 ਨੂੰ ''ਮਸੀਹੀਅਤ ਦਾ ਸੰਵਿਧਾਨ''[3] ਆਖਿਆ ਹੈ।

ਜੇ ਸਾਨੂੰ ਪਹਾੜੀ ਉਪਦੇਸ਼ ਤੇ ਸੌ ਕਿਤਾਬਾਂ ਲਿਖਣੀਆਂ ਪੈ ਜਾਣ ਤਾਂ ਵੀ ਇਸ ਦੀਆਂ ਸਿੱਖਿਆਵਾਂ ਤੋਂ ਅੱਕਾਂਗੇ ਨਹੀਂ। ਇਸ ਲੜੀ ਵਿਚ ਅਸੀਂ ਪਹਾੜੀ ਉਪਦੇਸ਼ ਦੀਆਂ ਗੱਲਾਂ ਨੂੰ ਸੰਖੇਪ ਵਿਚ ਵੇਖ ਸਕਦੇ ਹਾਂ। ''ਪਰ ਮੈਂ ਤੁਹਾਨੂੰ ਆਖਦਾ ਹਾਂ'' ਪਾਠ ਵਿਚ ਇਸ ਸਰਮਨ ਦੇ ਪਹਿਲੇ ਹਿੱਸੇ ਦੀ ਸਮੀਖਿਆ ਕੀਤੀ ਹੈ ਅਤੇ ਇਸ ਪਾਠ ਵਿਚ ਅੱਗੇ ਚਰਚਾ ਕੀਤੀ ਜਾਵੇਗੀ।

ਇਸ ਉਪਦੇਸ਼ ਜਾਂ ਸਰਮਨ ਵਿਚ ਕਈ ਫ਼ਰਕ ਹਨ, ਪਹਿਲੇ ਹਿੱਸੇ ਵਿਚ ਯਹੂਦੀਆਂ ਰਾਹੀਂ ਪਾਈ ਜਾਣ ਵਾਲੀ ਸਿੱਖਿਆ ਅਤੇ ਯਿਸੂ ਦੀ ਸਿੱਖਿਆ ਵਿਚ ਫ਼ਰਕ ਪਾਇਆ ਗਿਆ ਹੈ। ਦੂਜੇ ਹਿੱਸੇ ਵਿਚ ਮਨੁੱਖ ਰਾਹੀਂ ਚੱਲਣ ਲਈ ਚੁਣੇ ਜਾਣ ਵਾਲੇ ਦੇ ਰਾਹਾਂ ਵਿਚ ਫ਼ਰਕ ਕੀਤਾ ਗਿਆ ਹੈ। ਮਸੀਹ ਨੇ

ਆਪਣੇ ਸੁਣਨ ਵਾਲਿਆਂ ਨੂੰ ਬੇਨਤੀ ਕੀਤੀ ਕਿ ''ਭੀੜੇ[4] ਫ਼ਾਟਕ ਤੋਂ ਵੜੋ ਕਿਉਂ ਜੋ ਮੋਕਲਾ ਹੈ ਉਹ ਫ਼ਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਤੇ ਬਹੁਤੇ ਹਨ ਜੋ ਉਸ ਤੋਂ ਜਾਂਦੇ ਹਨ ਅਤੇ ਭੀੜਾ ਹੈ ਉਹ ਫ਼ਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜਿਹੜੇ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ'' (7:13, 14)। ਮੱਤੀ 6:19–7:27 ਵਿਚ ਉਨ੍ਹਾਂ ਦੋ ਰਾਹਾਂ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ, ਜਿਨ੍ਹਾਂ ਤੇ ਅਸੀਂ ਚੱਲ ਸਕਦੇ ਹਾਂ। ਇਹ ਵਚਨ ਸਾਨੂੰ ਦੋ ਪਸੰਦਾਂ ਵਿੱਚੋਂ ਇਕ ਨੂੰ ਚੁਣਨ ਲਈ ਲਲਕਾਰਦਾ ਹੈ ਕਿ ਅਸੀਂ ਜ਼ਿੰਦਗੀ ਵੱਲ ਨੂੰ ਜਾਣਾ ਹੈ ... ਜਾਂ ਬਰਬਾਦੀ ਵੱਲ ਨੂੰ।

## ਧਰਤੀ ਜਾਂ ਸੁਰਗ (ਮੱਤੀ 6:19-24)

ਪਾਠ ਦੇ ਇਸ ਪਹਿਲੇ ਹਿੱਸੇ ਵਿਚ ਬਹੁਤ ਸਾਰੇ ਫ਼ਰਕ ਹਨ, ਜਿਨ੍ਹਾਂ ਦਾ ਅਜੇ ਤਕ ਜ਼ਿਕਰ ਨਹੀਂ ਹੋਇਆ। ਮੱਤੀ 6:19–21 ਵਿਚ ਧਰਤੀ ਤੇ ਦੌਲਤ ਜਮ੍ਹਾ ਕਰਨ ਅਤੇ ਸੁਰਗ ਤੇ ਦੌਲਤ ਜਮ੍ਹਾ ਕਰਨ ਵਿਚ ਫ਼ਰਕ ਹੈ। 22 ਅਤੇ 23 ਆਇਤਾਂ ਵਿਚ ਸਾਨੂੰ ਚਾਨਣ ਨਾਲ ਭਰੇ ਹੋਣ ਅਤੇ ਹਨੇਰੇ ਨਾਲ ਭਰੇ ਹੋਣ ਵਿਚ ਫ਼ਰਕ ਮਿਲਦਾ ਹੈ। ਆਇਤ 24 ਸਾਫ਼ ਤੌਰ ਤੇ ਦੋ ਮਾਲਕਾਂ ਭਾਵ ਖ਼ੁਦਾ ਅਤੇ ਮਾਇਆ ਬਾਰੇ ਦੱਸਦੀਆਂ ਹਨ। ਤਿੰਨਾਂ ਫ਼ਰਕਾਂ ਦਾ ਇੱਕੋ ਵਿਸ਼ੇ ਨਾਲ ਸਬੰਧ ਹੈ ਕਿ ਸਾਡਾ ਧਿਆਨ ਧਰਤੀ ਤੇ ਹੈ ਜਾਂ ਸੁਰਗ ਵਿਚ ਹੈ?

### ਦੌਲਤ (ਆਇਤਾਂ 19-21)[5]

ਯਿਸੂ ਨੇ ਆਪਣੇ ਚੇਲਿਆਂ ਨੂੰ ਧਰਤੀ ਤੇ ਨਹੀਂ, ਬਲਕਿ ਸੁਰਗ ਵਿਚ ਧਨ ਜਮ੍ਹਾ ਕਰਨ ਦੀ ਚੁਣੌਤੀ ਦਿੱਤੀ।[6] ਉਸ ਨੇ ਜ਼ੋਰ ਦੇ ਕੇ ਆਖਿਆ ਕਿ ਧਰਤੀ ਦਾ ਖ਼ਜ਼ਾਨਾ ਚੰਚਲ ਹੈ[7] ਅਤੇ ਸਿਰਫ਼ ਸੁਰਗ ਦਾ ਖ਼ਜ਼ਾਨਾ ਹੀ ਕਾਇਮ ਰਹਿਣ ਵਾਲਾ ਹੈ (ਆਇਤਾਂ 19, 20)।

ਮਸੀਹ ਭਵਿੱਖ ਲਈ ਉਪਾਅ ਕਰਨ ਦਾ ਕੋਈ ਨਿਅਮ ਨਹੀਂ ਦੱਸ ਰਿਹਾ ਸੀ, ਬਲਕਿ ਉਸ ਨੇ ਦੌਲਤ ਜੋੜਨ ਨੂੰ ਨਿਸ਼ਾਨਾ ਬਣਾਉਣ ਦੀ ਨਿੰਦਿਆ ਕੀਤੀ ਹੈ। ਉਸ ਦੀ ਮੁੱਖ ਦਿਲਚਸਪੀ ਮਨੁੱਖ ਦੀਆਂ ਤਰਜੀਹਾਂ ਵਿਚ ਸੀ: ''... ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਲੱਗਾ ਰਹੇਗਾ'' (ਆਇਤ 21) । ਇਹ ਵੀ ਸੱਚ ਹੈ ਕਿ ਜਿੱਥੇ ਤੇਰਾ ਮਨ ਹੈ, ਉੱਥੇ ਤੇਰਾ ਧਨ ਵੀ ਰਹੇਗਾ।

### ਅੱਖਾਂ (ਆਇਤਾਂ 22, 23)[8]

ਯਿਸੂ ਨੇ ਉਸ ਸਮੇਂ ਦੇ ਲੋਕਾਂ ਵਿਚ ਪਾਏ ਜਾਣ ਵਾਲੇ ਇਕ ਰੂਪਕ ਦੀ ਵਰਤੋਂ ਕਰਦਿਆਂ ਸਹੀ ਚੀਜ ਨੂੰ ਪਹਿਲ ਦੇਣ ਦੇ ਮਕਸਦ ਨੂੰ ਸਮਝਾਇਆ: ਅੱਖ ਦੀ ਵਰਤੋਂ ਮਨ ਨੂੰ ਵਿਖਾਉਣ ਲਈ ਕੀਤੀ ਗਈ। ਪੁਰਾਣਾ ਨੇਮ ਦੱਸਦਾ ਸੀ ਕਿ ''ਜਿਹੜਾ ਭਲਿਆਈ ਦੀ ਨਿਗਾਹ ਕਰਦਾ ਹੈ *[ਮੂਲ ਵਿਚ, ''ਚੰਗੀ ਨਜ਼ਰ ਵਾਲਾ''*[9] *]* ਉਹ ਮੁਬਾਰਕ ਹੈ'' (ਕਹਾਉਤਾਂ 22:9), ਜਦਕਿ ''ਲੋਭੀ ਮਨੁੱਖ ਕਾਹਲੀ ਨਾਲ ਧਨ ਦਾ ਪਿੱਛਾ ਕਰਦਾ ਹੈ'' (ਕਹਾਉਤਾਂ 28:22)।[10] ਜਿਵੇਂ ਅੱਖ ਸਰੀਰ ਲਈ ਹੈ, ਉਵੇਂ ਹੀ ਮਨ ਆਤਮਾ ਲਈ ਹੈ।[11] ਅੱਜ ਅਸੀਂ ਇਸ ਅਲੰਕਾਰ ਦੀ ਵਰਤੋਂ ਨਹੀਂ ਕਰਦੇ, ਪਰ ਜ਼ਿੰਦਗੀ ਨੂੰ ''ਵੇਖਣ'' ਦੇ ਆਪਣੇ ਢੰਗ ਲਈ ਇਵੇਂ ਹੀ ਗੱਲ ਕਰਦੇ ਹਾਂ।

ਮਸੀਹ ਦੀ ਉਦਾਹਰਣ ਸਰਲ ਹੈ ਕਿ ਅਗਰ ਕਿਸੇ ਆਦਮੀ ਦੀਆਂ ਜਿਸਮਾਨੀ ਅੱਖਾਂ ਚੰਗੀਆਂ ਹਨ ਤਾਂ ਉਹ ''ਚਾਨਣ ਨਾਲ ਭਰਪੂਰ'' ਹੈ; ਪਰ ਅਗਰ ਉਹ ਅੰਨ੍ਹਾ ਹੈ ਤਾਂ ਉਹ ''ਹਨੇਰੇ ਨਾਲ ਭਰਿਆ'' ਹੈ। ਉਸੇ ਤਰ੍ਹਾਂ, ਅਗਰ ਕਿਸੇ ਦਾ ਮਨ ਸਾਫ਼ ਹੈ (ਇੱਥੇ ਭਾਵ, ਸੁਰਗ ਤੇ ਲੱਗਿਆ ਹੈ) ਤਾਂ ਉਹ ਰੂਹਾਨੀ ਚਾਨਣ ਨਾਲ ਭਰਪੂਰ ਹੈ; ਪਰ ਅਗਰ ਉਹਦੇ ਮਨ ਵਿਚ ਬੁਰਿਆਈ ਹੈ (ਭਾਵ, ਸੰਸਾਰ

ਤੇ ਲੱਗਾ ਹੈ) ਤਾਂ ਉਹ ਰੂਹਾਨੀ ਹਨੇਰੇ ਨਾਲ ਭਰਿਆ ਹੈ।

**ਮਾਲਕ (ਆਇਤ 24)**[12]

ਸਾਡੇ ਵਿੱਚੋਂ ਹਰ ਕਿਸੇ ਨੂੰ ਜ਼ਿੰਦਗੀ ਵਿਚ ਸਹੀ ਫ਼ੈਸਲਾ ਲੈਣਾ ਚਾਹੀਦਾ ਹੈ, ਜਿਹੜਾ ਵਧੇਰੇ ਮਹੱਤਵਪੂਰਣ ਹੋਵੇ। ਅਸੀਂ ਖ਼ੁਦਾ ਦੀ ਸੇਵਾ ਕਰਨੀ ਚਾਹੀਏ ਤਾਂ ਉਹ ਕਰ ਸਕਦੇ ਹਾਂ ਜਾਂ ਦੁਨੀਆਂ ਦੇ ਗੁਲਾਮ ਬਣ ਸਕਦੇ ਹਾਂ ... ਪਰ ਦੋਵੇਂ ਕੰਮ ਨਹੀਂ ਹੋ ਸਕਦੇ। ਸਾਨੂੰ ਖ਼ੁਦਾ ਅਤੇ ਮਾਇਆ ਵਿੱਚੋਂ ਕਿਸੇ ਇਕ ਨੂੰ ਚੁਣਨਾ ਪਵੇਗਾ। KJV ਬਾਈਬਲ ਵਿਚ ਵਰਤਿਆ ''mammon'' ਸ਼ਬਦ ਦੀ ਵਰਤੋਂ ਦੁਨਿਆਵੀ ਦੌਲਤ ਲਈ ਕੀਤੀ ਜਾਂਦੀ ਸੀ।[13]

## ਫ਼ਿਕਰ ਜਾਂ ਨਿਹਚਾ (ਮੱਤੀ 6:25-34)

ਅਗਲਾ ਹਿੱਸਾ ਪੂਰੇ ਉਪਦੇਸ਼ ਵਿੱਚੋਂ ਸਭ ਤੋਂ ਵਿਹਾਰਕ (ਅਤੇ ਵਿਸ਼ਵਵਿਆਪੀ ਤੌਰ ਤੇ ਸਭ ਤੋਂ ਮਹੱਤਵਪੂਰਣ) ਹੈ। ਇਹ ਫ਼ਿਕਰ ਕਰਨ ਦੇ ਪਾਪ ਬਾਰੇ ਹੈ। ਜੇ ਤੁਸੀਂ ਕਦੀ ਫ਼ਿਕਰ ਕੀਤੀ ਹੈ ਤਾਂ ਆਪਣਾ ਸਿਰ ਝੁਕਾ ਲਵੋ। ਜੇ ਤੁਹਾਡਾ ਸਿਰ ਅਜੇ ਝੁਕਿਆ ਨਹੀਂ ਹੈ ਤਾਂ ਮੈਨੂੰ ਹੈਰਾਨੀ ਹੋਵੇਗੀ। ਨਿੱਜੀ ਪਾਪਾਂ ਦੀ ਮੇਰੀ ਸੂਚੀ ਵਿਚ ਫ਼ਿਕਰ ਨੂੰ ਸਭ ਤੋਂ ਅੱਵਲ ਦਰਜਾ ਹਾਸਲ ਹੈ।

ਮੱਤੀ 6:25–34 ਪਿਛਲੀਆਂ ਆਇਤਾਂ ਨਾਲ ਜੁੜੀ ਹੋਈ ਹੈ: ਜੇ ਸਾਡਾ ਧਿਆਨ ਇਸ ਜਗਤ ਦੀ ਗੱਲ ਤੇ ਟਿਕਿਆ ਰਹਿੰਦਾ ਹੈ ਤਾਂ ਫ਼ਿਕਰ ਜ਼ਰੂਰ ਕਰੋ। ਜੇ ਸਾਡਾ ਧਿਆਨ ਸੁਰਗ ਤੇ ਹੈ, ਤਾਂ ਫ਼ਿਕਰ ਦੀ ਕੋਈ ਲੋੜ ਨਹੀਂ ਹੈ। ਜੌਨ ਫ੍ਰੈਂਕਲਿਨ ਕਾਰਟਰ ਨੇ ਇਨ੍ਹਾਂ ਆਇਤਾਂ ਨੂੰ ਇਹ ਕਹਿ ਕੇ ਸੰਖੇਪ ਕੀਤਾ ਹੈ ਕਿ ਫ਼ਿਕਰ ...

1. ਬੇਲੋੜੀ ਹੈ, ਕਿਉਂਕਿ ... ਜੇ ਖ਼ੁਦਾ ਪੰਛੀਆਂ ਅਤੇ ਫੁੱਲਾਂ ਨੂੰ ਖਾਣ ਨੂੰ ਦੇ ਸਕਦਾ ਤਾਂ ਯਕੀਨਨ ਹੀ ਉਹ ਆਪਣੇ ਸੇਵਕਾਂ ਦੀਆਂ ਲੋੜਾਂ ਵੀ ਜ਼ਰੂਰ ਪੂਰੀਆਂ ਕਰੇਗਾ (ਆਇਤਾਂ 26, 28–30)।
2. ਬੇਕਾਰ ਹੈ, ਕਿਉਂਕਿ ... ਜਿਵੇਂ ਉਤੇਜਿਤ ਹੋਣ ਨਾਲ ਕਿਸੇ ਦਾ ਮਹੱਤਵ ਵੱਧ ਨਹੀਂ ਜਾਂਦਾ, ਉਵੇਂ ਹੀ ਕੋਈ ਜ਼ਰੂਰੀ ਲਾਭ ਵੀ ਨਹੀਂ ਹੋਵੇਗਾ (ਆਇਤ 27)।
3. ਗੈਰਜ਼ਿੰਮੇਵਾਰੀ ਵਾਲੀ [ਗਲਤ ਢੰਗ ਨਾਲ], ਕਿਉਂਕਿ ਮਸੀਹੀ ਆਦਮੀ ਲਈ ਜ਼ਿੰਦਗੀ ਦਾ ਮਤਲਬ ਭੋਜਨ ਨਾਲੋਂ ਵੱਧ ਅਤੇ ਸਰੀਰ ਦੀ ਸਜਾਵਟ ਨਾਲੋਂ ਵੱਧ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਗੱਲਾਂ ਦੀ ਫ਼ਿਕਰ ਕਰਕੇ ਮਸੀਹੀ ਆਦਮੀ ਆਪਣੇ ਆਪ ਨੂੰ ... ਮੂਰਤੀਪੂਜਕਾਂ ... ਦੀ ਜਮਾਤ ਵਿਚ ਲਿਆਉਂਦਾ ਹੈ (ਆਇਤਾਂ 25, 32)।[14]

ਫ਼ਿਕਰ ਤੇ ਕਾਬੂ ਪਾਉਣ ਦੇ ਭੇਤ ਦਾ ਸੰਕੇਤ ਫ਼ਿਕਰ ਦੇ ਯਿਸੂ ਦੇ ਚਿਤਰਣ ''ਹੇ ਥੋੜ੍ਹੀ ਪਰਤੀਤ ਵਾਲਿਓ!'' (ਆਇਤ 30) ਵਿਚ ਮਿਲਦਾ ਹੈ। ਫ਼ਿਕਰ ਤੇ ਕਾਬੂ ਪਾਉਣ ਦੀ ਕੁੰਜੀ ਵਿਸ਼ਵਾਸ ਭਾਵ ਖ਼ੁਦਾ ਵਿਚ ਨਿਹਚਾ ਭਾਵ ਖ਼ੁਦਾ ਵਿਚ ਵਿਸ਼ਵਾਸ ਹੈ, ਜੋ ਸਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ (ਆਇਤ 32) ਅਤੇ ਜੋ ਜ਼ਿੰਦਗੀ ਦੀਆਂ ਸਾਡੀਆਂ ਥੁੜਾਂ ਨੂੰ ਪੂਰਿਆਂ ਕਰੇਗਾ, ਜੇ ਅਸੀਂ ''ਪਹਿਲਾਂ ਉਸ ਦੇ ਰਾਜ ਅਤੇ ਧਰਮ ਦੀ ਖੋਜ''[15] ਕਰੀਏ (ਆਇਤ 33)। ਖ਼ੁਦਾ ਤਾਂ ਖ਼ੁਦਾ ਹੀ ਹੈ, ਇਸ ਕਰਕੇ ਉਹ ਜਾਣਦਾ ਹੈ; ਕਿਉਂਕਿ ਉਹ ਸਾਡਾ ਪਿਤਾ ਹੈ, ਇਸ ਲਈ ਸਾਡੀ ਦੇਖਭਾਲ ਕਰ ਸਕਦਾ ਹੈ।[16]

ਯਿਸੂ ਭਵਿੱਖ ਬਾਰੇ ਸੋਚਣ ਦੇ ਉਲਟ ਸਿੱਖਿਆ ਨਹੀਂ ਦੇ ਰਿਹਾ ਸੀ, ਬਲਕਿ ਜਾਇਜ਼ ਸੋਚ ਅਤੇ ਬਿਨਾਂ ਸੋਚੇ ਸਮਝੇ ਮਿਲ ਕੇ ਕਰਨ, ਜਿਸ ਨਾਲ ਸਾਡੀ ਊਰਜਾ ਘੱਟ ਹੋਵੇ ਅਤੇ ਅਸੀਂ ਭਵਿੱਖ ਦੀਆਂ ਔਕੜਾਂ ਦਾ ਸਾਹਮਣਾ ਕਰਨ ਦੀ ਤਾਕਤ ਗੁਆ ਬੈਠੀਏ, ਵਿਚ ਫ਼ਰਕ ਹੈ। ਯਿਸੂ ਅੱਗੇ ਯੋਜਨਾ ਬਣਾਉਣ

ਦੇ ਵਿਰੁੱਧ ਨਹੀਂ ਸੀ।[17] ਮੁਖ਼ਤਿਆਰਪੁਣੇ ਦਾ ਸਿਧਾਂਤ[18] ਸਾਨੂੰ ਆਪਣੇ ਪੂਰੇ ਯਤਨ ਨਾਲ ਆਉਣ ਵਾਲੇ ਕੱਲ੍ਹ ਦੀ ਤਿਆਰੀ ਕਰਨ ਲਈ ਪ੍ਰੇਰਿਤ ਕਰਦਾ ਹੈ। ਪਰ ਤਿਆਰੀ ਕਰ ਲੈਣ ਦੇ ਬਾਅਦ ਸਾਨੂੰ ਸਭ ਕੁਝ ਖ਼ੁਦਾ ਦੇ ਹੱਥੀ ਛੱਡ ਦੇਣਾ ਚਾਹੀਦਾ ਹੈ ਅਤੇ ਫ਼ਿਕਰ ਨਹੀਂ ਕਰਨੀ ਚਾਹੀਦੀ।

## ਨਿਆਂ ਕਰਨਾ ਜਾਂ ਦੋਸ਼ ਲਾਉਣਾ (ਮੱਤੀ 7:1-6; ਲੂਕਾ 6:37-42)

ਸੰਸਾਰਕ ਧਨ ਪ੍ਰਤੀ ਚੇਲਿਆਂ ਦੇ ਵਿਹਾਰ ਵਿਚ ਯਿਸੂ ਦੂਜਿਆਂ ਨਾਲ ਆਪਣੇ ਵਿਹਾਰ ਬਾਰੇ ਕਹਿਣ ਲੱਗਿਆ। ਮੱਤੀ 7:1–5 ਦੋਸ਼ ਲਾਉਣ ਵਾਲਾ ਮਨ ਹੋਣ ਦੀ ਨਿੰਦਾ ਕਰਦਾ ਹੈ।[19] ਕਈਆਂ ਦਾ ਵਿਚਾਰ ਹੈ ਕਿ ਇਨ੍ਹਾਂ ਆਇਤਾਂ ਵਿਚ ਹਰ ਤਰ੍ਹਾਂ ਦੇ ਨਿਆਂ ਦੀ ਮਨਾਹੀ ਹੈ, ਪਰ ਯਿਸੂ ਨੇ ਆਪੇ ਹੀ ''ਸੱਚਾ ਨਿਆਂ'' (ਯੂਹੰਨਾ 7:24) ਕਰਨ ਲਈ ਆਖਿਆ। ਨਿਆਂ ਕਰਨ ਦੀ ਲੋੜ ਸਾਡੀਆਂ ਇਨ੍ਹਾਂ ਆਇਤਾਂ ਵਿਚ ਵਿਖਾਈ ਗਈ ਹੈ: ਮੱਤੀ 7:6 ''ਪਵਿੱਤਰ ਵਸਤੂ ਕੁੱਤਿਆਂ ਨੂੰ'' ਨਾ ਦੇਣ ਜਾਂ ''ਮੋਤੀ ਸੂਰਾਂ ਅੱਗੇ'' ਨਾ ਸੁੱਟਣ ਲਈ ਆਖਦਾ ਹੈ, ਜਿਸ ਵਿਚ ਉਨ੍ਹਾਂ ਲੋਕਾਂ ਦੀ ਪਰਖ ਕਰਨ ਦਾ ਨਿਸ਼ਾਨ ਮਿਲਦਾ ਹੈ, ਜਿਨ੍ਹਾਂ ਨੂੰ ਅਸੀਂ ਸਿਖਾਉਂਦੇ ਹਾਂ। ਮੱਤੀ 7 ਅਧਿਆਇ ਦੀਆਂ 1 ਤੋਂ 6 ਆਇਤਾਂ ਇਕੱਠੇ ਪੜ੍ਹਨ ਤੇ ਪਤਾ ਚੱਲਦਾ ਹੈ ਕਿ ਯਿਸੂ ਨਿਆਂ ਕਰਨ ਪ੍ਰਤੀ ਨਹੀਂ, ਸਗੋਂ ਕਠੋਰ, ਦਇਆ ਰਹਿਤ ਅਤੇ ਹਮਦਰਦੀ ਰਹਿਤ ਮਨ ਨਾਲ ਨਿਆਂ ਕਰਨ ਤੋਂ ਮਨ੍ਹਾ ਕਰ ਰਿਹਾ ਸੀ।

ਇਸ ਸਰਮਨ ਦੇ ਲੂਕਾ ਦੇ ਵਿਰਤਾਂਤ ਵਿਚ, ਯਿਸੂ ਨੇ ਅੰਨ੍ਹਿਆਂ ਦੇ ਅੰਨ੍ਹੇ ਆਗੂਆਂ ਅਤੇ ਉਨ੍ਹਾਂ ਦੇ ਚੇਲਿਆਂ ਤੇ ਇਕ ਟਿੱਪਣੀ ਜੋੜੀ ਹੈ (ਲੂਕਾ 6:39)।[20] ਬਾਅਦ ਵਿਚ ਯਿਸੂ ਨੇ ਫ਼ਰੀਸੀਆਂ ਨੂੰ ''ਅੰਨ੍ਹੇ ਨੂੰ ਰਾਹ ਵਿਖਾਉਣ ਵਾਲੇ ਅੰਨ੍ਹੇ'' ਆਖਿਆ (ਮੱਤੀ 15:12, 14)। ਮਸੀਹ ਫ਼ਰੀਸੀਆਂ ਨੂੰ ਹੋਰ ਦੂਜੇ ਪ੍ਰਤੀ ਫ਼ਰੀਸੀਆਂ ਜਿਹਾ ਵਿਹਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਡਾਂਟ ਰਿਹਾ ਸੀ।

## ਉਲਝਣ ਜਾਂ ਪ੍ਰਾਰਥਨਾ (ਮੱਤੀ 7:7-11)

ਇਸ ਉਪਦੇਸ਼ ਨੂੰ ਖ਼ਤਮ ਕਰਨ ਤੋਂ ਪਹਿਲਾਂ (ਹੁਕਮ ਮੰਨਣ ਤੇ ਨਿਰਦੇਸ਼ ਦੇ ਕੇ), ਯਿਸੂ ਨੇ ਦੋ ਸਮਾਨ ਹਿੱਸੇ ਸ਼ਾਮਲ ਕੀਤੇ ਜਿਨ੍ਹਾਂ ਵਿਚ ਉਸ ਦੇ ਸੁਣਨ ਵਾਲਿਆਂ ਨੂੰ ਉਸ ਵੱਲੋਂ ਦਿੱਤੀਆਂ ਗਈਆਂ ਚੁਣੌਤੀਆਂ ਦਾ ਸਾਹਮਣਾ ਕਰਨ ਪ੍ਰਤੀ ਸਾਮਰਥ ਹੋਣਾ ਸੀ। ਇਨ੍ਹਾਂ ਆਇਤਾਂ ਵਿਚ ਫ਼ਰਕ ਸਾਫ਼ ਨਹੀਂ ਹਨ, ਪਰ ਉਨ੍ਹਾਂ ਦਾ ਅਰਥ ਮਿਲਦਾ ਹੈ। ਪਹਿਲਾ ਫ਼ਰਕ (ਮੱਤੀ 7:7–11) ਦੁਆ ਕਰਨ ਦੀ ਸ਼ਕਤੀ ਬਾਰੇ ਹੈ। ਇਹ ਫ਼ਿਕਰ ਦੇ ਹਿੱਸੇ ਦੀ ਅਗਲੀ ਕੜੀ ਜਾਪ ਸਕਦੀ ਹੈ: ਜੇ ਚੇਲਿਆਂ ਨੂੰ ਕੱਲ੍ਹ ਦੀ ਫ਼ਿਕਰ ਨਹੀਂ ਕਰਨੀ ਚਾਹੀਦੀ ਤਾਂ ਫਿਰ ਉਹ ਦੁਆ ਕਿਉਂ ਕਰਨ? ਉਨ੍ਹਾਂ ਨੂੰ ਦੁਆ ਕਰਨੀ ਚਾਹੀਦੀ ਹੈ। 7–11 ਆਇਤਾਂ ਮਨੁੱਖੀ ਸਬੰਧਾਂ ਤੇ ਦੋ ਹਿੱਸਿਆਂ (7:1–6 ਅਤੇ 7:12) ਵਿਚਕਾਰ ਆਉਂਦੀਆਂ ਹਨ। ਇਵੇਂ ਇਨ੍ਹਾਂ ਆਇਤਾਂ ਵਿੱਚੋਂ ਸਾਨੂੰ ਪਤਾ ਚੱਲਦਾ ਹੈ ਕਿ ਲੋਕਾਂ ਨਾਲ ਅੱਗੇ ਵਧਣ ਲਈ ਦੁਆ ਲੋੜੀਂਦੀ ਹੈ।[21] ਇਸ ਹਵਾਲੇ ਦੇ ਜ਼ੋਰ (ਅਤੇ ਇਸ ਵਿਚ ਮੌਜੂਦ ਫ਼ਰਕ) ਨੂੰ ਸੰਖੇਪ ਕਰਨ ਲਈ ਮੈਂ ਇਸ ਹਿੱਸੇ ਦੇ ਸਿਰਲੇਖ ਵਿਚ ''ਉਲਝਣ'' ਸ਼ਬਦ ਵਰਤਿਆ ਹੈ: ਭਵਿੱਖ ਜਾਂ ਸਬੰਧਾਂ ਜਾਂ ਕਿਸੇ ਹੋਰ ਰੂਹਾਨੀ ਚੁਣੌਤੀ ਬਾਰੇ ਉਲਝਣ ਵਿਚ ਪੈਣ ਦੀ ਬਜਾਇ ਭਰੋਸਾ ਅਤੇ ਦੁਆ।

7 ਅਤੇ 8 ਆਇਤਾਂ ਵਿਚ ਮੁੱਖ ਸ਼ਬਦ ''ਮੰਗੋ'', ''ਢੂੰਡੋ'' ਅਤੇ ''ਖੜਕਾਓ'' ਹੈ। ਇਨ੍ਹਾਂ ਸ਼ਬਦਾਂ ਦੀ ਲੜੀ ਸਾਡੀਆਂ ਦੁਆਵਾਂ ਵਿਚ ਵਧਣ ਵਾਲੀ ਕਾਹਲੀ ਦਾ ਸੁਝਾਅ ਦਿੰਦੀ ਹੈ। ਇਸ ਦੇ ਇਲਾਵਾ ਮੂਲ ਲੇਖ ਵਿਚ ਵਰਤਮਾਨ ਕਾਲ ਦਾ ਜ਼ਿਕਰ ਕੀਤਾ ਗਿਆ ਹੈ, ਜੋ ਲਗਾਤਾਰਤਾ ਭਾਵ ਮੰਗਦੇ ਰਹਿਣ, ਖੜਕਾਉਂਦੇ ਰਹਿਣ ਦਾ ਸੰਕੇਤ ਦਿੰਦਾ ਹੈ। ਯਿਸੂ ਢੀਠ ਬਣ ਕੇ ਦੁਆ ਕਰਦੇ ਰਹਿਣ ਤੇ ਜ਼ੋਰ ਦੇ ਰਿਹਾ ਸੀ।[22]

ਸਾਨੂੰ ਢੀਠ ਹੋ ਕੇ ਦੁਆ ਕਿਉਂ ਕਰਨੀ ਚਾਹੀਦੀ ਹੈ? ਕਿਉਂਕਿ ਸਾਡਾ ਖ਼ੁਦਾ ਸਾਨੂੰ ਪਿਆਰ ਕਰਦਾ ਹੈ ਅਤੇ ਉਹ ਸਾਡੀਆਂ ਦੁਆਵਾਂ ਦਾ ਜਵਾਬ ਦਵੇਗਾ।[23] ਮਸੀਹ ਨੇ ਦੁਨਿਆਵੀ ਪਿਓਵਾਂ ਵੱਲੋਂ ਆਪਣੇ ਬੱਚਿਆਂ ਨੂੰ ਦੇਣ ਦੀ ਉਦਾਹਰਣ ਦੇ ਕੇ ਇਸ ਤੇ ਜ਼ੋਰ ਦਿੱਤਾ (ਆਇਤਾਂ 9, 10)। ਇਵੇਂ ਹੀ ਸਾਡਾ ਸੁਰਗੀ ਪਿਤਾ ਵੀ ਸਾਨੂੰ ਦਏਗਾ (ਆਇਤ 11)।[24]

ਯਾਕੂਬ ਨੇ ਲਿਖਿਆ ਹੈ, ''... ਤੁਹਾਡੇ ਪੱਲੇ ਕੁਝ ਨਹੀਂ ਪੈਂਦਾ ਇਸ ਲਈ ਜੋ ਮੰਗਦੇ ਨਹੀਂ'' (ਯਾਕੂਬ 4:2)। ਜ਼ਿੰਦਗੀ ਦੀ ਕੋਈ ਵੀ ਚੁਣੌਤੀ ਹੋਵੇ, ਯਿਸੂ ਚਾਹੁੰਦਾ ਹੈ ਕਿ ਅਸੀਂ ''ਖ਼ੁਦਾ ਤੋਂ ਮੰਗੀਏ, ਜਿਹੜਾ ਬਗ਼ੈਰ ਉਲ੍ਹਾਮਾ ਦਿੱਤੇ ਸਭ ਨੂੰ ਖੁਲ੍ਹੇ ਹੱਥੀ ਦਿੰਦਾ ਹੈ'' (ਯਾਕੂਬ 1:5)।

## ਆਪ ਜਾਂ ਦੂਜੇ (ਮੱਤੀ 7:12; ਲੂਕਾ 6:31)

ਅਗਲਾ ਹਿੱਸਾ ਸਿਰਫ਼ ਇਕ ਆਇਤ ਹੈ। ਜਦ ਕਿ ਇਸ ਵਿਚਾਰ ਨੂੰ ਉਪਦੇਸ਼ ਦੇ ਅਗਲੇ ਹਿੱਸੇ ਵਿਚ ਸ਼ਾਮਿਲ ਕੀਤਾ ਜਾ ਸਕਦਾ ਸੀ, ਪਰ ਇਸ ਨੂੰ ਇਕੱਲ੍ਹਾ ਹੀ ਰੱਖਣਾ ਲੋੜੀਂਦਾ ਹੈ। ਇਸ ਆਇਤ ਵਿਚ ਇਹ ਸਿਧਾਂਤ ਵੀ ਮਿਲਦਾ ਹੈ, ਜਿਸ ਨੂੰ ਸੁਨਹਿਰੀ ਨਿਅਮ ਆਖਿਆ ਜਾਂਦਾ ਹੈ: ''ਜੋ ਕੁਝ ਤੁਸੀਂ ਚਾਹੁੰਦੇ ਹੋ ਕਿ ਮਨੁੱਖ ਤੁਹਾਡੇ ਨਾਲ ਕਰਨ, ਤੁਸੀਂ ਵੀ ਉਨ੍ਹਾਂ ਨਾਲ ਉਵੇਂ ਹੀ ਕਰੋ ...'' (ਮੱਤੀ 7:12)।[25]

ਜਿਵੇਂ ਪਹਿਲਾਂ ਆਖਿਆ ਗਿਆ ਹੈ ਕਿ ਇਸ ਵਿਚ ਫ਼ਰਕ ਸਾਫ਼ ਨਹੀਂ ਹੈ, ਸਗੋਂ ਉਸ ਦਾ ਸੰਕੇਤ ਮਿਲਦਾ ਹੈ, ਪਰ ਉਸ ਨੂੰ ਪਛਾਨਣਾ ਅਸਾਨ ਹੈ। ਦੂਜਿਆਂ ਨਾਲ ਵਿਹਾਰ ਵਿਚ ਸਾਡਾ ਧਿਆਨ ਅਕਸਰ ਇਸ ਗੱਲ ਵੱਲ ਹੁੰਦਾ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ: ਅਸੀਂ ਆਖਦੇ ਹਾਂ ''ਆਪਣੇ ਸਬੰਧ ਵਿਚ ਸਾਨੂੰ ਇਹ ਜਾਂ ਉਹ ਚਾਹੀਦਾ ਹੈ।'' ਸੁਨਹਿਰੀ ਨਿਅਮ ਸਾਨੂੰ ਸਵਾਰਥ ਨਾਲ ਆਪਣੇ ਆਪ ਨੂੰ ਭੁੱਲਣ ਵੱਲ ਲਿਆਉਂਦਾ ਹੈ। ਇਹ ਸਾਨੂੰ ਦੂਜਿਆਂ ਦੀਆਂ ਲੋੜਾਂ ਵੱਲ ਪਹਿਲਾਂ ਧਿਆਨ ਦੇਣ ਤੇ ਜ਼ੋਰ ਦਿੰਦਾ ਹੈ। ਖ਼ੁਦਾ ਦੇ ਸ਼ਬਦਾਂ ਵਿਚ ''ਅਤੇ ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਉਹੋ ਜਿਹਾ ਕਰੋ'' (ਲੂਕਾ 6:31; NIV) ਵਿਚ ਮਿਲਦਾ ਹੈ।

ਯਿਸੂ ਨੇ ਆਖਿਆ ਕਿ ''ਤੁਰੇਤ ਅਤੇ ਨਬੀਆਂ ਦਾ ਇਹੋ ਮਤਲਬ ਹੈ'' (ਮੱਤੀ 7:12)। ਤੁਰੇਤ ਅਤੇ ਨਬੀਆਂ ਨੂੰ ਛੋਟੇ ਕਰਕੇ ਕੈਪਸੂਲ ਵਾਂਗੂ ਬਣਾਉਣਾ ਹੋਵੇ,[26] ਤਾਂ ਤੁਹਾਡੇ ਕੋਲ ਇਹੀ ਬਚੇਗਾ: ''ਜਿਹਾ ਸਲੂਕ ਤੁਸੀਂ ਚਾਹੁੰਦੇ ਹੋ ਲੋਕ ਤੁਹਾਡੇ ਨਾਲ ਕਰਨ, ਤੁਸੀਂ ਵੀ ਉਨ੍ਹਾਂ ਨਾਲ ਉਵੇਂ ਹੀ ਕਰੋ।''

## ਬਰਬਾਦੀ ਜਾਂ ਜ਼ਿੰਦਗੀ (ਮੱਤੀ 7:13, 14)

ਯਿਸੂ ਮੱਤੀ 7:13 ਦੇ ਸ਼ਬਦਾਂ ਨਾਲ ਆਪਣੇ ਉਪਦੇਸ਼ ਨੂੰ ਸਮੇਟਣ ਲੱਗਿਆ। ਇਸ ਉਪਦੇਸ਼ ਦੀਆਂ ਆਖਰੀ ਆਇਤਾਂ ਵਿਚ ਝੂਠੀ ਸਿੱਖਿਆ ਦੇਣ ਵਾਲਿਆਂ ਦੇ ਵਿਰੁੱਧ ਇਕ ਚਿਤਾਵਨੀ ਹੈ (ਮੱਤੀ 7:15–20), ਪਰ ਮੁੱਖ ਰੂਪ ਵਿਚ ਇਨ੍ਹਾਂ ਦਾ ਸਬੰਧ ਮਸੀਹ ਦੇ ਚੇਲਿਆਂ ਰਾਹੀਂ ਉਸ ਦੀ ਸਿੱਖਿਆ ਮੁਤਾਬਕ ਜ਼ਿੰਦਗੀ ਜੀਣ ਵਿਚ ਹੈ। ਯਿਸੂ ਨੇ ਇਹ ਵੀ ਨਹੀਂ ਚਾਹਿਆ ਕਿ ਉਸ ਦੇ ਇਸ ਉਪਦੇਸ਼ ਨੂੰ ਕੰਧ ਤੇ ਲਿਖ ਕੇ ਲੋਕ ਤਾਰੀਫ਼ ਕਰਨ ਕਿ ਬਹੁਤ ਵਧੀਆ ਲਿਖਿਆ ਹੈ। ਸਗੋਂ ਉਸ ਦੀ ਇੱਛਾ ਸੀ ਕਿ ਇਹ ਉਸ ਨੂੰ ਮੰਨਣ ਵਾਲਿਆਂ ਦੀਆਂ ਜ਼ਿੰਦਗੀਆਂ ਵਿਚ ਨਜ਼ਰ ਆਵੇ।

13 ਅਤੇ 14 ਆਇਤਾਂ ਦਾ ਫ਼ਰਕ ਸਾਫ਼ ਹੈ। ਰਾਹ ਦੋ ਹੀ ਹਨ, ਅਤੇ ਇਹ ਦੋ ਹੀ ਰਾਹ ਹਨ, ਜਿਨ੍ਹਾਂ ਰਾਹੀਂ ਹਰ ਕੋਈ ਆ ਜਾ ਸਕਦਾ ਹੈ ਜਿਸ ਵਿਚ ਜ਼ਿੰਦਗੀ ਵੱਲ ਲਿਜਾਣ ਵਾਲਾ ਰਾਹ ਭੀੜਾ ਅਤੇ ਨਾਸ ਵੱਲ ਲਿਜਾਣ ਵਾਲਾ ਰਾਹ ਚੌੜਾ ਹੈ।[27] ਭੀੜਾ ਰਾਹ ਔਖਾ ਰਾਹ ਹੈ ਅਤੇ ਇਸ ਤੇ ਚੱਲਣ ਲਈ ਬਲੀਦਾਨ ਕਰਨ ਲਈ ''ਕੁਝ'' ਹੀ ਲੋਕ ਤਿਆਰ ਹੁੰਦੇ ਹਨ। ਚੌੜਾ ਰਾਹ ਮੋਕਲਾ, ਮਸ਼ਹੂਰ ਰਾਹ ਹੈ, ਜਿਸ ਵਿਚ ਦੀ ਜਾਣਾ ''ਬਹੁਤੇ'' ਲੋਕ ਚੁਣਦੇ ਹਨ (ਬਹੁਤਿਆਂ ਨੂੰ ਇਸ ਕੌੜੀ ਹਕੀਕਤ ਦਾ ਸਾਹਮਣਾ ਕਰਨਾ ਚੰਗਾ ਨਹੀਂ ਲਗਦਾ, ਪਰ ਜੇ ਯਿਸੂ ਦੀਆਂ ਗੱਲਾਂ ਦਾ ਕੋਈ ਮਤਲਬ ਹੈ ਤਾਂ ਇਨ੍ਹਾਂ

ਵਿਚ ਇਹੀ ਸਿੱਖਿਆ ਹੈ ਕਿ ਨਾਸ ਹੋਣ ਵਾਲੇ ਲੋਕ ਬਚਾਏ ਜਾਣ ਵਾਲੇ ਲੋਕਾਂ ਨਾਲੋਂ ਵੱਧ ਹੋਣਗੇ।)

ਅਸੀਂ ਭੀੜੇ ਰਾਹ ਤੇ ਕਿਵੇਂ ਚੱਲ ਸਕਦੇ ਹਾਂ? ਅਗਲੀਆਂ ਆਇਤਾਂ ਵਿਚ ਯਿਸੂ ਨੇ ਇਸ ਸਵਾਲ ਦਾ ਇਹ ਜਵਾਬ ਦਿੱਤਾ ਹੈ ਕਿ ਜੋ ਕੁਝ ਉਹ ਸਾਨੂੰ ਆਖਦਾ ਹੈ, ਉਹ ਨੂੰ ਮੰਨ ਕੇ ਅਸੀਂ ਅਜਿਹਾ ਕਰ ਸਕਦੇ ਹਾਂ (ਮੱਤੀ 7:21–27)। ਐਨਾ ਹੀ ਮਹੱਤਵਪੂਰਣ ਇਹ ਜਾਣਨਾ ਹੈ ਕਿ ਅਸੀਂ ਭੀੜੇ ਰਸਤੇ ਤੇ ਚੱਲ ਕਿਵੇਂ ਸਕਦੇ ਹਾਂ? ਨਵਾਂ ਨੇਮ ਇਹ ਨਹੀਂ ਦੱਸਦਾ ਕਿ ਭੀੜੇ ਰਾਹ ਤੇ ਚੱਲਣ ਵਾਲਿਆਂ ਲਈ ਇਸ ਨੂੰ ਛੱਡਣਾ ਅਸੰਭਵ ਹੈ (ਵੇਖੋ 1 ਕੁਰਿੰਥੀਆਂ 10:12; ਯਾਕੂਬ 5:19, 20)। ਦੁੱਖ ਦੀ ਗੱਲ ਹੈ ਕਿ ਤੰਗ ਰਾਹ ਤੇ ਚੱਲਣ ਵਾਲੇ ਅਤੇ ਬਹੁਤੇ ਮੁਸਾਫ਼ਰ ਇਸ ਦੀਆਂ ਬੰਦਿਸ਼ਾਂ ਤੋਂ ਤੰਗ ਆ ਕੇ ਚੌੜੇ ਅਤੇ ਅਸਾਨ ਰਾਹ ਤੇ ਚੱਲਣ ਲਈ ਇਸ ਨੂੰ ਤਿਆਗ ਦਿੰਦੇ ਹਨ। ਅਸੀਂ ਤੰਗ ਰਾਹ ਤੇ ਕਿਵੇਂ ਬਣੇ ਰਹਿ ਸਕਦੇ ਹਾਂ? ਮਸੀਹ ਦੇ ਹੁਕਮਾਂ ਨੂੰ ਜੇ ਮੰਨਦੇ ਰਹਿ ਕੇ। (ਮੱਤੀ 7:24–27 ਤੇ ਗੌਰ ਕਰੋ।)

ਕਿਸੇ ਵੀ ਰਸਤੇ ਤੇ ਚੱਲੋ, ਉਸ ਨਾਲ ਕੀ ਫ਼ਰਕ ਪੈਂਦਾ ਹੈ? ਇਹ ਤਾਂ ਜ਼ਿੰਦਗੀ ਭਾਵ ਖ਼ੁਦਾ ਨਾਲ ਹਮੇਸ਼ਾ ਦੀ ਜ਼ਿੰਦਗੀ ਵੱਲ ਜਾਂਦਾ ਹੈ (ਰੋਮੀਆਂ 2:7)। ਦੂਜਾ ਬਰਬਾਦੀ ਭਾਵ ਖ਼ੁਦਾ ਦੀ ਹਜ਼ੂਰੀ ਤੋਂ ਦੂਰ, ਹਮੇਸ਼ਾ ਦੇ ਨਾਸ ਵੱਲ ਜਾਂਦਾ ਹੈ (2 ਥੱਸਲੁਨੀਕੀਆਂ 1:9)। ਅਸਾਨ ਸ਼ਬਦਾਂ ਵਿਚ, ਇਕ ਤਾਂ ਸੁਰਗ ਦੇ ਰਾਜਮਾਰਗ ਵੱਲ ਜਾ ਰਿਹਾ ਹੈ, ਜਦ ਕਿ ਦੂਜਾ ਨਰਕ ਦੇ ਹੇਠਲੇ ਮਾਰਗ ਵੱਲ।

## ਮਾੜਾ ਜਾਂ ਚੰਗਾ ਫ਼ਲ
## (ਮੱਤੀ 7:15-20; ਲੂਕਾ 6:43-45)

ਜਿਸ ਰਸਤੇ ਤੇ ਤੁਸੀਂ ਹੋ, ਉਸ ਨਾਲ ਫ਼ਰਕ ਦਾ ਇਕ ਲੋਕ[28] ਬਣਨਾ ਹੈ। ਸ਼ੈਤਾਨ ਨਹੀਂ ਚਾਹੁੰਦਾ ਕਿ ਮਨੁੱਖ ਇਸ ਗੱਲ ਨੂੰ ਸਮਝੇ। ਉਹ ਲੋਕਾਂ ਦੇ ਮਨਾਂ ਵਿਚ ਇਹ ਗੱਲ ਪਾਉਂਦਾ ਹੈ ਕਿ ਉਹ ਜਿਸ ਵੀ ਰਾਹ ਤੇ ਹਨ (ਭਾਵ, ਉਨ੍ਹਾਂ ਦੀ ਜ਼ਿੰਦਗੀ ਜਿਹੋ ਜਿਹੀ ਵੀ ਹੈ), ਭਾਵੇਂ ਉਹ ਰਸਤਾ ਚੌੜਾ ਹੋਵੇ ਜਾਂ ਤੰਗ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਸ ਕੰਮ ਲਈ ਉਹ ਝੂਠੀ ਸਿੱਖਿਆ ਦੇਣ ਵਾਲਿਆਂ ਦੀ ਵਰਤੋਂ ਕਰਦਾ ਹੈ। ਪਹਾੜੀ ਉਪਦੇਸ਼ ਦੇ ਅਗਲੇ ਹਿੱਸੇ ਵਿਚ ਝੂਠੇ ਨਬੀਆਂ ਦੇ ਵਿਰੁੱਧ ਇਕ ਚਿਤਾਵਨੀ ਦਿੱਤੀ ਗਈ ਹੈ।

ਨਬੀ ਖ਼ੁਦਾ ਦੀ ਤਰਫ਼ੋਂ ਬੋਲਣ ਵਾਲਿਆਂ ਨੂੰ ਆਖਿਆ ਜਾਂਦਾ ਸੀ; ਝੂਠਾ ਨਬੀ ਉਸ ਨੂੰ ਆਖਿਆ ਗਿਆ ਹੈ, ਜਿਹੜਾ ਖ਼ੁਦਾ ਵੱਲੋਂ ਬੋਲਣ ਦਾ ਦਾਅਵਾ ਤਾਂ ਕਰੇ, ਪਰ ਖ਼ੁਦਾ ਵੱਲੋਂ ਹੋਵੇ ਨਾ। ਅਸਲ ਵਿਚ ਯਿਸੂ ਨੇ ਝੂਠੇ ਨਬੀਆਂ ਨੂੰ ''ਭੇਡਾਂ ਦੇ ਭੇਸ ਵਿਚ ... ਪਾੜਣ ਵਾਲੇ ਬਘਿਆੜ'' ਆਖਿਆ (ਵੇਖੋ ਮੱਤੀ 7:15)। ਬਾਹਰੋਂ ਵੇਖਣ ਤੇ ਉਨ੍ਹਾਂ ਦਾ ਅਸਲੀ ਰੂਪ ਵਿਖਾਈ ਨਹੀਂ ਦਿੰਦਾ। ਆਪਣੇ ਝੂਠ ਤੇ ਸੱਚਾਈ ਦੀ ਪਤਲੀ ਜਿਹੀ ਪਰਤ ਪਾ ਕੇ ਉਹ ਸ਼ੁੱਭ ਕਰਮਾਂ ਦੇ ਚੋਗੇ ਵਿਚ ਆਪਣੀਆਂ ਬੁਰਿਆਈਆਂ ਨੂੰ ਢੱਕ ਲੈਂਦੇ ਸਨ (ਵੇਖੋ ਮੱਤੀ 7:22, 23)।

ਹੋ ਸਕਦਾ ਹੈ ਕਿ ਮਸੀਹ ਆਪਣੇ ਸੁਣਨ ਵਾਲਿਆਂ ਨੂੰ ਖ਼ਾਸ ਤੌਰ ਤੇ ਗ੍ਰੰਥੀਆਂ ਅਤੇ ਫ਼ਰੀਸੀਆਂ ਦੀਆਂ ਸਿੱਖਿਆਵਾਂ ਤੋਂ ਸੁਚੇਤ ਕਰ ਰਿਹਾ ਸੀ, ਪਰ ਸ਼ੁਰੂ ਤੋਂ ਹੀ, ਹੁਣ ਤਕ ਝੂਠੇ ਨਬੀਆਂ ਦੇ ਕਾਰਣ ਕਲੀਸੀਆ ਨੂੰ ਬੜੀ ਹਾਨੀ ਹੋਈ ਹੈ (ਮੱਤੀ 24:11, 24; ਰਸੂਲਾਂ ਦੇ ਕੰਮ 20:29, 30; 2 ਪਤਰਸ 2:1)। ਇਹ ਜ਼ਰੂਰੀ ਹੈ ਕਿ ਝੂਠੇ ਨਬੀਆਂ ਦੀ ਸਮੇਂ ਸਮੇਂ ਸਿਰ ਪਛਾਣ ਕਰੀਏ। ਅਸੀਂ ਅਜਿਹਾ ਕਿਵੇਂ ਕਰ ਸਕਦੇ ਹਾਂ? ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ''ਫ਼ਲਾਂ'' ਤੋਂ ਪਛਾਣ ਸਕਦੇ ਹਾਂ: ਉਨ੍ਹਾਂ ਦੀਆਂ ਜ਼ਿੰਦਗੀਆਂ ਤੋਂ ਅਤੇ ਉਨ੍ਹਾਂ ਦੀ ਸਿੱਖਿਆ ਦੇ ਫਲ ਤੋਂ (ਮੱਤੀ 7:16–20; ਵੇਖੋ ਰੋਮੀਆਂ 16:17)। ਉਨ੍ਹਾਂ ਦੀਆਂ ਜ਼ਿੰਦਗੀਆਂ ਅਤੇ ਸਿੱਖਿਆਵਾਂ ਦੀ ਤੁਲਨਾ ਖ਼ੁਦਾ ਦੇ ਵਚਨ ਮੁਤਾਬਕ ਕੀਤੀ ਜਾਣੀ ਚਾਹੀਦੀ ਹੈ (1 ਯੂਹੰਨਾ 4:1; ਰਸੂਲਾਂ ਦੇ ਕੰਮ 17:11)।

ਲੂਕਾ ਦੇ ਵਿਰਤਾਂਤ ਵਿਚ ਇਹ ਜੋੜਿਆ ਗਿਆ ਹੈ ਕਿ ਜੋ ਵੀ ਕੋਈ ਕੁਝ ਸਿਖਾਉਂਦਾ ਹੈ ''ਜੋ

ਮਨ ਵਿਚ ਭਰਿਆ ਹੋਇਆ ਹੈ ਉਹ ਦੇ ਮੂੰਹ ਉੱਤੇ ਉਹੋ ਆਉਂਦਾ ਹੈ'' (ਲੂਕਾ 6:45)।[29] ਯਿਸੂ ਦੀ ਤਾੜਨਾ ਅੱਜ ਵੀ ਪ੍ਰਾਸੰਗਿਕ ਹੈ ਅਤੇ ਤਦ ਵੀ ਜਦ ਉਸ ਨੇ ''ਝੂਠੇ ਨਬੀਆਂ ਤੋਂ ਖ਼ਬਰਦਾਰ'' (ਮੱਤੀ 7:15; KJV) ਰਹਿਣ ਲਈ ਆਖਿਆ ਸੀ।

## ਕਹਿਣਾ ਜਾਂ ਕਰਨਾ (ਮੱਤੀ 7:21-23)

ਕੀ ਸਾਰੇ ਝੂਠੇ ਨਬੀਆਂ ਨੂੰ ਪਤਾ ਹੈ ਕਿ ਉਹ ਝੂਠੇ ਨਬੀ ਹਨ। ਕੀ ਖੁੱਲ੍ਹੇ ਜਾਂ ਚੌੜੇ ਰਾਹ ਤੇ ਚੱਲਣ ਵਾਲੇ ਸਾਰੇ ਲੋਕ ਜਾਣਦੇ ਹਨ ਕਿ ਉਹ ਨਾਸ ਹੋਣ ਵਾਲੇ ਰਾਹ ਤੇ ਚੱਲ ਰਹੇ ਹਨ? ਸ਼ਾਇਦ ਨਹੀਂ। ਮੱਤੀ 7:21–23 ਵਿਚ ਯਿਸੂ ਦੇ ਸ਼ਬਦਾਂ ਤੋਂ ਪਤਾ ਚੱਲਦਾ ਹੈ ਕਿ ਕੋਈ ਆਪਣੇ ਆਪ ਨੂੰ ਧੋਖਾ ਦੇ ਸਕਦਾ ਹੈ:

> ਨਾ ਹਰੇਕ ਜਿਹੜਾ ਮੈਨੂੰ ਪ੍ਰਭੂ! ਪ੍ਰਭੂ! ਕਹਿੰਦਾ ਹੈ ਸੁਰਗ ਦੇ ਰਾਜ ਵਿਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜੀ ਉੱਤੇ ਚੱਲਦਾ ਹੈ। ਉਸ ਦਿਨ ਅਨੇਕ ਮੈਨੂੰ ਆਖਣਗੇ, ਹੇ ਪ੍ਰਭੂ! ਹੇ ਪ੍ਰਭੂ! ਕੀ ਅਸਾਂ ਤੇਰਾ ਨਾਮ ਲੈਕੇ ਅਗੰਮ ਵਾਕ ਨਹੀਂ ਕੀਤਾ? ਅਤੇ ਤੇਰਾ ਨਾਮ ਲੈ ਕੇ ਭੂਤ ਨਹੀਂ ਕੱਢੇ? ਅਤੇ ਤੇਰਾ ਨਾਮ ਲੈਕੇ ਬਹੁਤੀਆਂ ਕਰਾਮਾਤਾਂ ਨਹੀਂ ਕੀਤੀਆਂ? ਤਦ ਮੈਂ ਉਨ੍ਹਾਂ ਨੂੰ ਸਾਫ ਆਖਾਂਗਾ ਭਈ ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ। ਹੇ ਬੁਰਿਆਰੋ, ਮੇਰੇ ਕੋਲੋਂ ਚਲੇ ਜਾਓ!

ਜਦੋਂ ਵੀ ਮੈਂ ਇਨ੍ਹਾਂ ਸ਼ਬਦਾਂ ਨੂੰ ਪੜ੍ਹਦਾ ਹਾਂ, ਤਾਂ ਮੇਰਾ ਮਨ ਉਦਾਸ ਹੋ ਜਾਂਦਾ ਹੈ।

''ਉਸ ਦਿਨ'' ਨਿਆਂ ਵਾਲੇ ਦਿਨ ਨੂੰ ਆਖਿਆ ਗਿਆ ਹੈ (ਰਸੂਲਾਂ ਦੇ ਕੰਮ 17:31)। ਇਸ ਉਦਾਹਰਣ ਵਿਚ, ਕੀ ਨਿਆਂ ਵਾਲੇ ਦਿਨ ਵਿਰੋਧ ਕਰਨ ਵਾਲਿਆਂ ਨੇ ਅਸਲ ਵਿਚ ਕੀਤਾ ਸੀ ਜਿਸ ਦਾ ਕਿ ਦਾਅਵਾ ਕਰ ਰਹੇ ਸਨ? ਯਿਸੂ ਨੇ ਉਨ੍ਹਾਂ ਦੇ ਦਾਅਵਿਆਂ ਨੂੰ ਗਲਤ ਨਹੀਂ ਠਹਿਰਾਇਆ, ਪਰ ਭਲੇ ਕੰਮ ਕਰਨ ਦੇ ਬਾਵਜੂਦ ਉਹ ਸ਼ੈਤਾਨ ਦੇ ਕਰਮਚਾਰੀ ਵੀ ਸਨ, ਕਿਉਂਕਿ ਮਸੀਹ ਨੇ ਉਨ੍ਹਾਂ ਤੇ ਬੁਰਿਆਰ ਹੋਣ ਦਾ ਇਲਜ਼ਾਮ ਲਾਇਆ। ਉਨ੍ਹਾਂ ਵੱਲੋਂ ਠੀਕ ਕੰਮ ਵੀ ਤੁਲਨਾਤਮਕ ਤੌਰ ਤੇ ਮਹੱਤਵਪੂਰਣ (ਅਤੇ ਸਭ ਤੋਂ ਦੁਖਦ) ਸ਼ਬਦ ''ਮੈਂ ਤੁਹਾਨੂੰ ਕਦੀ ਨਹੀਂ ਜਾਣਿਆ'' ਆਇਤ 23 ਵਿਚ ਹੈ।

ਬਾਈਬਲ ਵਿਚ ''ਜਾਣਿਆ'' ਸ਼ਬਦ ਦਾ ਅਰਥ ਖੁਦਾ ਤੇ ਆਦਮੀ ਵਿਚਕਾਰ ਸਬੰਧ ਸਹਿਤ, ''ਨਜ਼ਦੀਕੀ ਰਿਸ਼ਤਾ ਹੋਣਾ''[30] ਹੋ ਸਕਦਾ ਹੈ (1 ਕੁਰਿੰਥੀਆਂ 1:21; ਗਲਾਤੀਆਂ 4:9; ਫ਼ਿਲਿੱਪੀਆਂ 3:10)। ਪੌਲੁਸ ਨੇ ਲਿਖਿਆ ਹੈ, ''ਪ੍ਰਭੂ ਆਪਣਿਆਂ ਨੂੰ ਪਛਾਣਦਾ ਹੈ'' (2 ਤਿਮੋਥਿਉਸ 2:19)। ਜਦੋਂ ਯਿਸੂ ਨੇ ਆਖਿਆ, ''ਮੈਂ ਤੁਹਾਨੂੰ ਕਦੇ ਨਹੀਂ ਜਾਣਿਆ'' ਤਾਂ ਉਹ ਇਹ ਜ਼ੋਰ ਦੇ ਰਿਹਾ ਸੀ ਕਿ ਦੋਸ਼ੀਆਂ ਦਾ ਉਸ ਨਾਲ ਬਚਾਏ ਹੋਇਆਂ ਵਾਲਾ ਰਿਸ਼ਤਾ ਕਦੇ ਨਹੀਂ ਸੀ। ਉਹ ਉਸ ਦੀ ਸਿੱਖਿਆ ਨੂੰ ਮੰਨ ਕੇ ਉਸ ਦੇ ਮਗਰ ਨਹੀਂ ਚੱਲੇ ਸਨ, ਸਗੋਂ ਉਨ੍ਹਾਂ ਨੇ ਮਾਲਕ ਅਤੇ ਪ੍ਰਭੂ ਦੇ ਰੂਪ ਵਿਚ ਆਪਣੀ ਜ਼ਿੰਦਗੀ ਉਸ ਨੂੰ ਦੇਣ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਦੇ ਭਲੇ ਕੰਮ ਜੋ ਵੀ ਹੋਣ, ਪਰ ਉਹ ''ਮਸੀਹ ਵਿਚ'' ਰਹਿ ਕੇ ਨਹੀਂ (2 ਕੁਰਿੰਥੀਆਂ 5:17; ਅਫ਼ਸੀਆਂ 2:13; 3:21; ਰੋਮੀਆਂ 16:3, 9), ਬਲਕਿ ਮਸੀਹ ਤੋਂ ਬਾਹਰ ਕੀਤੇ ਗਏ ਸਨ।[31]

ਅਸੀਂ ਇਹ ਕਿਵੇਂ ਜਾਣ ਸਕਦੇ ਹਾਂ ਕਿ ਯਿਸੂ ਸਾਨੂੰ ''ਜਾਣਦਾ ਹੈ?'' ਕੀ ਬੁੱਲਾਂ ਨਾਲ ਉਸ ਦੀ ਤਾਰੀਫ਼ ਕਰਨੀ ਕਾਫ਼ੀ ਹੈ? ਕੀ ''ਹੇ ਪ੍ਰਭੂ, ਹੇ ਪ੍ਰਭੂ'' ਕਹਿਣਾ ਹੀ ਕਾਫ਼ੀ ਹੈ? ਨਹੀਂ, ਮਸੀਹ ਨੇ ਆਖਿਆ ਕਿ ਸਾਡੇ ਲਈ ਖ਼ੁਦਾ ਦੀ ਇੱਛਾ ਪੂਰੀ ਕਰਨਾ ਜ਼ਰੂਰੀ ਹੈ। ਕੀ ਪੂਰਾ ਹੁਕਮ ਮੰਨਣਾ ਜ਼ਰੂਰੀ ਹੈ? ਨਹੀਂ, ਕਿਉਂਕਿ ਅਜਿਹਾ ਅਸੰਭਵ ਹੈ (ਰੋਮੀਆਂ 3:23)।[32] ਪਰ ਜੇ ਕਰ ਅਸੀਂ ਯਕੀਨੀ ਬਣਾਉਣਾ ਚਾਹੁੰਦੇ ਹਾਂ ਤਾਂ ਕਿ ਯਿਸੂ ਸਾਨੂੰ ਜਾਣਦਾ ਹੈ ਤਾਂ ਅਸੀਂ ਉਹੀ ਕਰਾਂਗੇ ਜੋ ਮਸੀਹੀ ਬਣਨ ਲਈ ਪ੍ਰਭੂ ਸਾਨੂੰ

ਆਖਦਾ ਹੈ (ਰੋਮੀਆਂ 6:3–7, 11, 17, 18, 23; ਗਲਾਤੀਆਂ 3:26, 27), ਅਤੇ ਆਪਣੀ ਪੂਰੀ ਕੋਸ਼ਸ਼ਿ ਨਾਲ ਉਸ ਦਾ ਹੁਕਮ ਮੰਨਾਂਗੇ। ਜੇ. ਡਬਲਯੂ. ਮੈਕਗਰਵੇ ਨੇ ਇਸ ਤਰ੍ਹਾਂ ਆਖਿਆ, ''... ਸਰੀਰ ਦੀਆਂ ਦੁਰਬਲਤਾਈਆਂ ਦਰਮਿਆਨ ਰੋਜ਼ ਦੇ ਪਾਪਾਂ ਦੀ ਮਾਫ਼ੀ ਦੀਆਂ ਸ਼ਰਤਾਂ ਨੂੰ ਪੂਰਾ ਕਰਦਿਆਂ ਹੁਕਮ ਮੰਨਣਾ, ਖ਼ੁਦਾ ਦੀ ਹਮਾਇਤ ਦੁਆਉਂਦਾ ਹੈ।''[33]

## ਸੁਣਨਾ ਜਾਂ ਕਰਨਾ (ਮੱਤੀ 7:24-27; ਲੂਕਾ 6:46-49)

ਅਸੀਂ ਵੇਖਿਆ ਹੈ ਕਿ ਪਹਾੜੀ ਉਪਦੇਸ਼ ਦੇ ਆਖ਼ਰੀ ਸ਼ਬਦਾਂ ਵਿਚ ਮਸੀਹ ਦਾ ਹੁਕਮ ਮੰਨਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ। ਯਿਸੂ ਨੇ ਇਸ ਉਪਦੇਸ਼ ਨੂੰ ਦੋ ਮਕਾਨ ਬਣਾਉਣ ਵਾਲਿਆਂ ਦੀ ਉਦਾਹਰਣ ਦੇ ਕੇ ਖ਼ਤਮ ਕੀਤਾ; ਬੁੱਧਵਾਨ ਨੇ ਆਪਣਾ ਘਰ ਚੱਟਾਨ ਉੱਤੇ ਬਣਾਇਆ, ਜਦ ਕਿ ਬੇਵਕੂਫ਼ ਨੇ ਰੇਤ ਉੱਤੇ। ਯਿਸੂ ਨੇ ਆਖਿਆ ਕਿ ਬੁੱਧਵਾਨ ਦੀ ਤੁਲਨਾ ਉਸ ਆਦਮੀ ਨਾਲ ਕੀਤੀ ਜਾ ਸਕਦੀ ਹੈ, ਜਿਸ ਨੇ ਉਸ ਦੀਆਂ ਗੱਲਾਂ ਨੂੰ ਸੁਣਿਆ ਅਤੇ ਉਨ੍ਹਾਂ ਤੇ ਅਮਲ ਕੀਤਾ, ਜਦ ਕਿ ਦੂਜੇ ਦੀ ਤੁਲਨਾ ਉਸ ਨਾਲ ਕੀਤੀ ਜਾ ਸਕਦੀ ਹੈ, ਜਿਸ ਨੇ ਉਸ ਨੂੰ ਸੁਣਿਆ ਤਾਂ ਸਹੀ, ਪਰ ਮੰਨਿਆ ਨਹੀਂ।

ਲੂਕਾ ਦਾ ਵਿਰਤਾਂਤ ਇਸ ਵਿਚ ਇਹ ਜੋੜ ਕੇ ਵਾਧਾ ਕਰ ਦਿੰਦਾ ਹੈ ਕਿ ਪਹਿਲੇ ਵਾਲੇ ਨੇ ''ਡੂੰਘਾ[34] ਪੁੱਟ ਕੇ ਚੱਟਾਨ ਉੱਤੇ ਨੀਂਹ ਰੱਖੀ'' (ਲੂਕਾ 6:48), ਜਦਕਿ ਦੂਜੇ ਨੇ ''ਨੀਉਂ ਬਿਨਾਂ ਧਰਤੀ ਉੱਤੇ ਬਣਾਇਆ'' (ਲੂਕਾ 6:49)। ਤਰਖਾਣ ਹੋਣ ਦੇ ਨਾਤੇ (ਵੇਖੋ ਮਰਕੁਸ 6:3), ਮਸੀਹ ਪੱਕੀ ਨੀਂਹ ਰੱਖਣ ਦੀ ਅਹਿਮੀਅਤ ਨੂੰ ਸਮਝਦਾ ਸੀ, ਪਰ ਮਕਾਨ ਬਣਾਉਣ ਦੇ ਕੰਮ ਵਿਚ ਥੋੜ੍ਹਾ ਬਹੁਤ ਜਾਂ ਬਿਲਕੁਲ ਤਜਰਬਾ ਨਾ ਹੋਣ ਵਾਲਾ ਵੀ ਸਮਝ ਸਕਦਾ ਹੈ ਕਿ ਮਕਾਨ ਬਣਾਉਣ ਲਈ ਚੰਗੀ ਨੀਂਹ ਹੋਣੀ ਜ਼ਰੂਰੀ ਹੈ।

ਸਾਡੇ ਸਮੇਂ ਦਾ ਇਕ ਦੁਖਾਂਤ ਇਹ ਹੈ ਕਿ ਬਹੁਤ ਸਾਰੀਆਂ ਜ਼ਿੰਦਗੀਆਂ ਦਾ ਨਿਰਮਾਣ ਸੰਸਾਰਕ ਵਿਚਾਰ ਦੀ ਖਿਸਕਣ ਵਾਲੀ ਰੇਤ ਤੇ ਕੀਤਾ ਜਾਂਦਾ ਹੈ। ਸਾਡੀ ਜ਼ਿੰਦਗੀ ਨੂੰ ਯਿਸੂ ਅਤੇ ਉਸ ਦੇ ਵਚਨ ਦੀ ਪੱਕੀ ਨੀਂਹ ਦੀ ਲੋੜ ਹੈ (ਵੇਖੋ 1 ਕੁਰਿੰਥੀਆਂ 3:11; ਅਫ਼ਸੀਆਂ 2:20)। ਸਾਨੂੰ ਮਜ਼ਬੂਤੀ ਮਿਲ ਸਕਦੀ ਹੈ, ਜੇ (ਅਤੇ ਸਿਰਫ਼ ਜੇ) ਅਸੀਂ ਮਸੀਹ ਦੀ ਮਰਜ਼ੀ ਪੂਰੀ ਕਰੀਏ।

ਇਸ ਆਇਤ ਵਿਚ ਫ਼ਰਕ ਕਰਨ ਬਨਾਮ ਨਾ ਕਰਨ ਦਾ ਹੈ। ਸੰਸਾਰ ਭਰ ਦੇ ਬੱਚੇ ਚੱਟਾਨ ਤੇ ਘਰ ਬਣਾਉਣ ਵਾਲੇ ਅਕਲਮੰਦ ਅਤੇ ਰੇਤ ਉੱਤੇ ਘਰ ਬਨਾਉਣ ਵਾਲੇ ਬੇਵਕੂਫ਼ ਦਾ ਗੀਤ ਗਾਉਂਦੇ ਹਨ। ਜਦ ਮੈਂ ਇਹ ਗੀਤ ਗੁਆਉਂਦਾ ਹਾਂ, ਤਾਂ ਮੈਂ ਉਸ ਤੇ ਜ਼ੋਰ ਦੇਣ ਲਈ, ਜਿਸ ਤੇ ਇਹ ਗੀਤ ਅਧਾਰਿਤ ਹੈ, ਆਖ਼ਰੀ ਆਇਤ ਨੂੰ ਉਸ ਨਾਲ ਮਿਲਾਉਣ ਵਾਸਤੇ ਬਦਲ ਦਿੰਦਾ ਹਾਂ:

> ਸੋ ਅਪਨੇ ਜੀਵਨ ਕੋ ਪ੍ਰਭੂ ਕੇ ਵਚਨ ਪਰ ਬਨਾਓ[35]
> ਅਪਨੇ ਜੀਵਨੋਂ ਕੋ ਪ੍ਰਭੂ ਕੇ ਵਚਨ ਪਰ ਬਨਾਓ;
> ਅਪਨੇ ਜੀਵਨੋਂ ਕੋ ਪ੍ਰਭੂ ਕੇ ਵਚਨ ਪਰ ਬਨਾਓ;
> ਤੋ ਆਸ਼ਿਸ਼ੇਂ ਤੁਮਹਾਰੇ ਪਾਸ ਆਏਂਗੀ।
>
> ਆਸ਼ਿਸ਼ੇਂ ਤੁਮਹਾਰੇ ਪਾਸ ਆਏਂਗੀ ਗਰ ਉਸਕੀ ਇੱਛਾ ਮਾਨੋਗੇ;
> ਆਸ਼ਿਸ਼ੇਂ ਤੁਮਹਾਰੇ ਪਾਸ ਆਏਂਗੀ ਗਰ ਉਸਕੀ ਇੱਛਾ ਮਾਨੋਗੇ;
> ਆਸ਼ਿਸ਼ੇਂ ਤੁਮਹਾਰੇ ਪਾਸ ਆਏਂਗੀ ਗਰ ਉਸਕੀ ਇੱਛਾ ਮਾਨੋਗੇ;
> ਸੋ ਅਪਨੇ ਜੀਵਨੋਂ ਕੋ ਪ੍ਰਭੂ ਕੇ ਵਚਨ ਪਰ ਬਨਾਓ

ਚੇਲੇ ਬਣਨ ਵਾਲਿਆਂ ਨੂੰ ਲੂਕਾ ਦੇ ਵਿਰਤਾਂਤ ਵਾਲੇ ਯਿਸੂ ਦੇ ਸ਼ਬਦ ਅੱਜ ਵੀ ਚੁਣੌਤੀ ਦਿੰਦੇ ਹਨ: ''ਤੁਸੀਂ

ਮੈਨੂੰ 'ਪ੍ਰਭੂ, ਪ੍ਰਭੂ' ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ?'' (ਲੂਕਾ 6:46)।

## ਸਾਰ
## (ਮੱਤੀ 7:28-29)

''ਅਤੇ ਐਉਂ ਹੋਇਆ ਕਿ ਜਾਂ ਯਿਸੂ ਇਹ ਗੱਲਾਂ ਕਰ ਹਟਿਆ ਤਾਂ ਭੀੜ ਉਹ ਦੇ ਉਪਦੇਸ਼ ਤੋਂ ਹੈਰਾਨ ਹੋਈ। ਕਿਉਂ ਜੋ ਉਹ ਉਨ੍ਹਾਂ ਦੇ ਗ੍ਰੰਥੀਆਂ ਵਾਂਙੁ ਨਹੀਂ ਪਰ ਇਖ਼ਤਿਆਰ ਵਾਲੇ ਵਾਂਙੁ ਉਨ੍ਹਾਂ ਨੂੰ ਉਪਦੇਸ਼ ਦਿੰਦਾ ਸੀ''[36] (ਮੱਤੀ 7:28, 29)। ਤਕਰੀਬਨ ਦੋ ਹਜ਼ਾਰ ਸਾਲਾਂ ਬਾਅਦ ਵੀ ਅੱਜ ਪਹਾੜੀ ਉਪਦੇਸ਼ ਆਪਣੇ ਆਪ ਵਿਚ ਸਭ ਤੋਂ ਨਿਰਾਲਾ ਹੈ। ਇਸ ਨੂੰ ਪੜ੍ਹੋ; ਇਸ ਦਾ ਅਧਿਐਨ ਕਰੋ; ਪਰ ਸਭ ਨਾਲੋਂ ਵੱਧ ਇਸ ਨੂੰ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਕਰੋ।

ਮੈਂ ਇਹ ਧਿਆਨ ਦੁਆਉਂਦਿਆਂ ਕਿ ਮਸੀਹ ਦਾ ਉਪਦੇਸ਼ ਉਨ੍ਹਾਂ ਦੋਹਾਂ ਰਾਹਾਂ ਬਾਰੇ ਦੱਸਦਾ ਹੈ ਜਿਨ੍ਹਾਂ ਤੇ ਅਸੀਂ ਚੱਲ ਸਕਦੇ ਹਾਂ, ਇਹ ਪਾਠ ਸ਼ੁਰੂ ਕੀਤਾ (ਮੱਤੀ 7:13, 14)। ਸੰਸਾਰ ਲੋਕਾਂ ਵਿਚ ਅਮੀਰ ਅਤੇ ਗਰੀਬ, ਸੋਹਣਾ ਅਤੇ ਸਧਾਰਣ, ਗੁਣੀ ਅਤੇ ਗਵਾਰ, ਕਾਮਯਾਬ ਅਤੇ ਨਾਕਾਮ ਆਖ ਕੇ ਫ਼ਰਕ ਕਰਦਾ ਹੈ। ਅਖ਼ੀਰ ਵਿਚ ਸਿਰਫ਼ ਇਹੀ ਫ਼ਰਕ ਕੀਤਾ ਜਾਵੇਗਾ ਕਿ ਅਸੀਂ ਉਸ ਭੀੜੇ ਰਾਹ ਤੇ ਹਾਂ ਜਿਹੜਾ ਹਮੇਸ਼ਾ ਦੀ ਜ਼ਿੰਦਗੀ ਵੱਲ ਲਿਜਾਂਦਾ ਹੈ ਜਾਂ ਉਸ ਚੌੜੇ ਰਾਹ ਤੇ ਜਿਹੜਾ ਹਮੇਸ਼ਾ ਦੇ ਨਾਸ ਵੱਲ ਲਿਜਾਂਦਾ ਹੈ (ਮੱਤੀ 25:46; ਯੂਹੰਨਾ 3:16; ਰੋਮੀਆਂ 2:7, 8; 6:23)। ਸਾਡੇ ਲਈ ਸਵਾਲ ਇਹ ਹੈ ਕਿ ''ਮੈਂ ਕਿਸ ਰਾਹ ਤੇ ਚੱਲ ਰਿਹਾ ਹਾਂ?'' ਤੁਸੀਂ ਕਿਸ ਰਾਹ ਤੇ ਚੱਲ ਰਹੇ ਹੋ? ਮੈਂ ਦੁਹਰਾਉਂਦਾ ਹਾਂ: ਵਚਨ ਸਾਨੂੰ ਦੋ ਤਰ੍ਹਾਂ ਦੇ ਰਾਹਾਂ ਵਿੱਚੋ ਇਕ ਨੂੰ ਚੁਣਨ ਲਈ ਆਖਦਾ ਹੈ। ਇਨ੍ਹਾਂ ਵਿੱਚੋਂ ਇਕ ਜ਼ਿੰਦਗੀ ਵੱਲ ਨੂੰ ਅਤੇ ਦੂਜਾ ਮੌਤ ਵੱਲ ਜਾਂਦਾ ਹੈ। ਸਹੀ ਪਸੰਦ ਚੁਣਨ ਵਿਚ ਖ਼ੁਦਾ ਸਾਡੀ ਸਭ ਦੀ ਮਦਦ ਕਰੇ।

---

ਟਿੱਪਣੀਆਂ

[1]ਜੌਨ ਆਰ. ਡਬਲਯੂ. ਸਟੌਟ, ਦ ਮੈਸੇਜ ਆਫ਼ ਦ ਸਰਮਨ ਆਨ ਮਾਊਂਟ (ਡਾਊਨਰਜ਼ ਗ੍ਰੋਵ, ਇਲਿਨੋਇਸ: ਇੰਟਰ–ਵਰਸਿਟੀ ਪ੍ਰੈੱਸ, 1978), 15. [2]ਈ. ਸਟੈਨਲੀ ਜੋਨਸ, ਦ ਕ੍ਰਾਈਸਟ ਆਫ਼ ਦ ਮਾਊਂਟ (ਨੈਸ਼ਵਿੱਲੇ: ਅਬਿੰਗਡਨ ਪ੍ਰੈਸ, 1931), 14. [3]ਹਾਰਵੇ ਸਕਾਟ, ਦ ਸਰਮਨ ਆਨ ਦ ਮਾਊਂਟ (ਟੈਕਸਰਕਾਨਾ, ਟੈਕਸਸ: ਦ ਕ੍ਰਿਸਚਿਅਨ ਹੈਲਪਰ, 1947), 3. [4]KJV ਵਿਚ ਮੱਤੀ 7:13, 14 ਵਿਚ ''strait'' ਦੋ ਵਾਰ ਆਉਂਦਾ ਹੈ। ''strait'' ਦਾ ਮਤਲਬ ਤੰਗ ਹੁੰਦਾ ਹੈ, ਪਰ ਬਹੁਤੇ ਲੋਕ ਜਦ ਇਸ ਨੂੰ ਸੁਣਦੇ ਹਨ ਤਾਂ ਉਹ ''straight'' ਸਮਝਦੇ ਹਨ, ਜਿਸ ਤੋਂ ਭਾਵ ''ਸਿੱਧਾ'' ਹੈ (ਦੋ ਥਾਂਵਾਂ ਵਿਚਲਾ ਘੱਟੋ ਘੱਟ ਫ਼ਾਸਲਾ)। [5]ਵੇਖੋ ਲੂਕਾ 12:33, 34. [6]ਸੁਰਗ ਵਿਚ ਧਨ ਇਕੱਠਾ ਕਰਨ ਦੇ ਢੰਗ ਦੀ ਇਕ ਉਦਾਹਰਣ ਲਈ ਵੇਖੋ 1 ਤਿਮੋਥਿਉਸ 6:18, 19. [7]ਜਿੱਥੋਂ ਤਕ ਅਸੀਂ ਜਾਣਦੇ ਹਾਂ, ਉਦੋਂ ਬੈਂਕ ਨਹੀਂ ਹੁੰਦੇ ਸਨ, ਇਸ ਕਰਕੇ ਲੋਕ ਆਪਣਾ ਖ਼ਜ਼ਾਨਾ ਘਰਾਂ ਵਿਚ ਜਾਂ ਜ਼ਮੀਨ ਹੇਠਾਂ ਦੱਬ ਦਿੰਦੇ ਸਨ, ਜਿੱਥੇ ਕੁਦਰਤੀ ਆਫ਼ਤ ਆਉਣ ਤੇ ਉਹ ਬਰਬਾਦ ਹੋ ਜਾਂਦਾ ਸੀ (ਯਾਕੂਬ 5:2, 3) ਜਾਂ ਚੋਰ ਕੱਢ ਲੈਂਦੇ ਸਨ। [8]ਵੇਖੋ ਲੂਕਾ 11:34–36। [9]NASB ਵਾਲੀ ਮੇਰੀ ਬਾਈਬਲ ਵਿਚ ਇਕ ਟਿੱਪਣੀ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। KJV ਵਿਚ ''bountiful eye'' (ਭਰਪੂਰ ਨਜ਼ਰ) ਹੈ। [10]ਮਨ ਦਾ ਹਾਲ ਦੱਸਣ ਲਈ ਅੱਖਾਂ ਦੀਆਂ ਹੋਰ ਉਦਾਹਰਣਾਂ ਲਈ, ਵੇਖੋ ਵਿਵਸਥਾਸਾਰ 15:9; 28:56; ਕਹਾਉਤਾਂ 23:6; ਮੱਤੀ 20:15. (ਮੂਲ ਲਿਖਤ ਵਿਚ ਇਨ੍ਹਾਂ ਸਭ ਆਇਤਾਂ ਵਿਚ ਅੱਖ ਸ਼ਬਦ ਹੈ, ਜਦ ਕਿ ਅੰਗ੍ਰੇਜ਼ੀ ਅਤੇ ਪੰਜਾਬੀ ਅਨੁਵਾਦ ਵਿਚ ਇਹ ਕਿਤੇ ਕਿਤੇ ਨਹੀਂ ਮਿਲਦਾ।)

[11]ਜੇ. ਡਬਲਯੂ. ਮੈਕਗਰਵੇ ਐਂਡ ਫ਼ਿੱਲਿਪ ਵਾਈ. ਪੈਂਡਲਟਨ, ਦ ਫੋਰਫੋਲਡ ਗੌਸਪਲ ਆਰ ਏ

ਹਾਰਮਨੀ ਆਫ਼ ਦ ਗੌਸਪਲ (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 256 ਵਿੱਚੋਂ ਲਿਆ ਗਿਆ। [12]ਵੇਖੋ ਲੂਕਾ 16:13. [13]ਪਾਪ ਦੇ ਜਾਂ ਖ਼ੁਦਾ ਦੇ ਦਾਸ ਹੋਣ ਤੇ ਆਮ ਸਿੱਖਿਆ ਲਈ, ਵੇਖੋ ਰੋਮੀਆਂ 6:16–18. [14]ਜੌਨ ਫ੍ਰੈਂਕਲਿਨ ਕਾਰਟਰ, ਏ ਲੇਮੈਂਜ਼ ਹਾਰਮਨੀ ਆਫ਼ ਦ ਗੌਸਪਲ (ਨੈਸ਼ਵਿੱਲੇ: ਬ੍ਰਾਡਮੈਨ ਪ੍ਰੈੱਸ, 1961), 110. [15]ਪਹਿਲਾਂ ਉਹਦੇ ''ਰਾਜ ਅਤੇ ਧਰਮ ਦੀ ਖੋਜ'' ਕਰਨ ਤੋਂ ਭਾਵ ਖ਼ੁਦਾ ਦੇ ਬਾਦਸ਼ਾਹ ਹੋਣ ਨੂੰ ਮੰਨਣਾ ਅਤੇ ਉਸ ਦੇ ਸ਼ਾਹੀ ਹੁਕਮਾਂ ਦਾ ਪਾਲਣ ਕਰਨ ਦੀ ਕੋਸ਼ਿਸ਼ ਕਰਨਾ ਹੈ। ਮੱਤੀ 16:18, 19, ਵਿਚ ''ਰਾਜ'' ਅਤੇ ''ਕਲੀਸੀਆ'' ਸ਼ਬਦਾਂ ਦੀ ਵਰਤੋਂ ਅਦਲ ਬਦਲ ਕੇ ਹੋਈ ਹੈ, ਇਸ ਲਈ ਅਸੀਂ ਵੀ ਆਪਣੀਆਂ ਦਿਲਚਸਪੀਆਂ ਨਾਲੋਂ ਵਧ ਕੇ ਪ੍ਰਭੂ ਦੀ ਕਲੀਸੀਆ ਦੀਆਂ ਦਿਲਚਸਪੀਆਂ ਨੂੰ ਲਾਗੂ ਕਰ ਸਕਦੇ ਹਾਂ। [16]ਮੈਕਗਰਵੇ ਐਂਡ ਪੈਂਡਲਟਨ, 259 ਵਿੱਚੋਂ ਲਿਆ ਗਿਆ। [17]ਇਹ ਗੱਲਾਂ ਕਹਿ ਕੇ ਯਿਸੂ ਭਵਿੱਖ ਲਈ ਤਿਆਰੀ ਕਰ ਰਿਹਾ ਸੀ ਭਾਵ ਉਹ ਆਪਣੇ ਚੇਲਿਆਂ ਨੂੰ ਉਸ ਵੇਲੇ ਲਈ ਤਿਆਰ ਕਰ ਰਿਹਾ ਸੀ, ਜਦੋਂ ਉਸ ਨੇ ਜਗਤ ਤੋਂ ਕੂਚ ਕਰ ਜਾਣਾ ਸੀ। ਪੁਰਾਣੇ ਨੇਮ ਵਿਚ, ਭਵਿੱਖ ਦੀ ਤਿਆਰੀ ਦੀਆਂ ਮਨਜ਼ੂਰਸ਼ੁਦਾ ਉਦਾਹਰਣਾਂ ਦੇ ਰੂਪ ਵਿਚ ਕੀੜੀਆਂ ਨੂੰ ਅੱਗੇ ਰੱਖਿਆ ਗਿਆ ਸੀ (ਕਹਾਉਤਾਂ 30:25)। ਅੱਗੇ ਦੀ ਸੋਚਣ ਤੇ ਅਸੀਂ ਤੇ ਆਇਤਾਂ ਲਈ (ਜੋ ਬਿਨਾਂ ਸੋਚੇ ਜਾਂ ਘੱਟ ਸੋਚ ਕੇ ਕੰਮ ਕਰਨ ਦੇ ਉਲਟ ਹਨ), ਵੇਖੋ ਕਹਾਉਤਾਂ 21:5; 25:8; 2 ਕੁਰਿੰਥੀਆਂ 8:20, 21. [18]ਜੋ ਖ਼ੁਦਾ ਨੇ ਸਾਨੂੰ ਸੌਂਪਿਆ ਹੈ, ਦੌਲਤ ਹੋਵੇ ਜਾਂ ਸਮਾਂ ਸਭ ਲਈ ਖ਼ੁਦਾ ਦੇ ਮੁਖ਼ਤਿਆਰ ਹਾਂ। ਸਾਨੂੰ ਮੁਖ਼ਤਿਆਰੀ ਲਈ ਵਫ਼ਾਦਾਰ ਹੋਣਾ ਚਾਹੀਦਾ ਹੈ (ਵੇਖੋ 1 ਕੁਰਿੰਥੀਆਂ 4:2)। [19]ਮੱਤੀ 7:1–6 ਦੀ ਵਿਸਤਾਰ ਨਾਲ ਚਰਚਾ ਲਈ, ਇਸ ਕਿਤਾਬ ਵਿਚ ਅੱਗੇ ''ਦੋਸ਼ ਨਾ ਲਾਓ'' ਅਤੇ ''ਦੂਜਿਆਂ ਨਾਲ ਰਲ਼ ਕੇ ਕਿਵੇਂ ਚੱਲੀਏ'' ਪਾਠ ਵੇਖੋ। [20]ਲੂਕਾ 6:39 ਆਖਦਾ ਹੈ ਕਿ ਯਿਸੂ ਨੇ ''ਉਨ੍ਹਾਂ ਨੂੰ ਇਕ ਦ੍ਰਿਸ਼ਟਾਂਤ ਦੇ ਕੇ ਆਖਿਆ।''

[21]7:7–11 ਦੇ ਇਸ ਤੋਂ ਪਹਿਲੀ ਅਤੇ ਬਾਅਦ ਦੀਆਂ ਆਇਤਾਂ ਦੇ ਸਬੰਧ ਵਿਚ ਅਤੇ ਜਾਣਨ ਲਈ, ਇਸ ਲੜੀ ਵਿਚ ਅਗਲੇ ਦੋ ਸਰਮਨ ਵੇਖੋ। [22]ਵੇਖੋ ਲੂਕਾ 18:1. [23]ਵੇਖੋ ਯਾਕੂਬ 5:16–18. [24]ਵਚਨ ਵਿਚ ਸਾਡੇ ਸੁਰਗੀ ਪਿਤਾ ਦੇ ਸਾਡੇ ਦੁਨਿਆਵੀ ਪਿਤਾਵਾਂ ਵਾਂਗ ਸਾਡੇ ਨਾਲ ਵਿਹਾਰ ਕਰਨ ਦੀਆਂ ਹੋਰ ਤੁਲਨਾਵਾਂ ਕੀਤੀਆਂ ਗਈਆਂ ਹਨ। (ਉਦਾਹਰਣ ਵਜੋਂ, ਵੇਖੋ ਇਬਰਾਨੀਆਂ 12:4–13.) ਪਰ ਸਾਨੂੰ ਇਸ ਗੱਲ ਵਿਚ ਚੌਕਸ ਰਹਿਣਾ ਹੋਵੇਗਾ ਕਿ ਇਹ ਨਿਚੋੜ ਨਾ ਕੱਢੀਏ ਕਿ ਸਾਡਾ ਸੁਰਗੀ ਪਿਤਾ ਹਰ ਗੱਲ ਵਿਚ ਸਾਡੇ ਦੁਨਿਆਵੀ ਪਿਤਾਵਾਂ ਵਾਂਗ ਨਹੀਂ ਹੈ। ਹਰ ਦੁਨਿਆਵੀ ਪਿਤਾ ਆਪਣੇ ਬੱਚਿਆਂ ਨਾਲ ਵਿਹਾਰ ਵਿਚ ਗਲਤੀਆਂ ਕਰਦਾ ਹੈ, ਪਰ ਖ਼ੁਦਾ ਗਲਤੀ ਨਹੀਂ ਕਰਦਾ। ਕਈਆਂ ਨੇ ਮੱਤੀ 7:7–11 ਦੀ ਵਰਤੋਂ ਇਹ ਸਿਖਾਉਣ ਲਈ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਖ਼ੁਦਾ ਕਿਸੇ ਨੂੰ ਕਦੇ ਨਰਕ ਵਿਚ ਨਹੀਂ ਭੇਜੇਗਾ, ਕਿਉਂਕਿ (ਉਨ੍ਹਾਂ ਦਾ ਕਹਿਣਾ ਹੈ ਕਿ) ਕੋਈ ਦੁਨਿਆਵੀ ਪਿਤਾ ਆਪਣੇ ਬੱਚਿਆਂ ਨਾਲ ਅਜਿਹਾ ਨਹੀਂ ਕਰਦਾ। ਇਨ੍ਹਾਂ ਆਇਤਾਂ ਦੀ ਇਸ ਤਰ੍ਹਾਂ ਵਿਆਖਿਆ ਕਰਨ ਦਾ ਮਤਲਬ ਨਿਆਂ ਬਾਰੇ ਇਨ੍ਹਾਂ ਗੱਲਾਂ ਵਿਚ ਵਿਰੋਧ ਪੈਦਾ ਕਰਨਾ ਹੈ (ਮੱਤੀ 25:31–46)। [25]ਸੁਨਹਿਰੀ ਨਿਅਮ ਦੀ ਵਿਸਥਾਰ ਨਾਲ ਚਰਚਾ ਲਈ, ਵੇਖੋ ''ਦੂਜਿਆਂ ਨਾਲ ਰਲ਼ ਕੇ ਕਿਵੇਂ ਚੱਲੀਏ!'' [26]ਖ਼ਾਸ ਕਰ ਇਸ ਵਿਚ ਦੂਜਿਆਂ ਨਾਲ ਮਿਲਣ ਤੇ ਸ਼ਰ੍ਹਾ ਅਤੇ ਨਬੀਆਂ ਦੀ ਸਿੱਖਿਆ ਹੈ। [27]ਵੇਖੋ ਲੂਕਾ 13:23, 24. [28]''ਦਾ ਲੋਕ'' ਅਲੰਕਾਰ ਦੀ ਭਾਸ਼ਾ ਹੈ। ਇਸ ਵਿੱਚੋਂ ਬਹੁਤ ਸਾਰੀਆਂ ਸਿੱਖਿਆਵਾਂ ਦਾ ਸੁਝਾਅ ਹੈ। ਅਲੰਕਾਰ ਦੀ ਭਾਸ਼ਾ ਕੋਈ ਨਵੀਂ ਨਹੀਂ ਹੈ (ਵੇਖੋ ਯਾਕੂਬ 3:6)। [29]ਸਾਡੇ ਬੋਲਚਾਲ ਦੇ ਸਬੰਧ ਵਿਚ ਲੂਕਾ 6:45 ਆਮ ਪ੍ਰਸੰਗਿਕਤਾ ਦੇ ਸਕਦਾ ਹੈ: ਜੋ ਵੀ ਸਾਡੇ ਮਨ ਵਿਚ ਹੁੰਦਾ ਹੈ, ਉਹੀ ਜ਼ਬਾਨ ਤੇ ਵੀ ਆਉਂਦਾ ਹੈ। ਪਰ ਇੱਥੇ ਇਹ ਸ਼ਬਦ ਖ਼ਾਸ ਤੌਰ ਤੇ ਉਨ੍ਹਾਂ ਲਈ ਹਨ, ਜੋ ਖ਼ੁਦਾ ਵੱਲੋਂ ਬੋਲਣ ਦਾ ਦਾਅਵਾ ਕਰਦੇ ਹਨ। ਮੈਂ ਇੱਥੇ ਇਕ ਚਿਤਾਵਨੀ ਜੋੜ ਦਿੰਦਾ ਹਾਂ: ਲੂਕਾ 6:45 ਦੀ ਵਿਆਖਿਆ ਇਵੇਂ ਨਾ ਕਰੋ, ਜਿਸ ਨਾਲ ਮੱਤੀ 7:1 ਵਿਚ ਦੋਸ਼ ਲਾਉਣ ਵਿਰੁੱਧ ਯਿਸੂ ਦੀ ਸਿੱਖਿਆ ਦਾ ਟਕਰਾਅ ਹੋ ਜਾਵੇ। ਕਿਸੇ ਦੀਆਂ ਗੱਲਾਂ ਤੇ ਜੋ ਵੀ ਬੇਹਤਰ ਹੋ ਸਕਦੀ ਹੈ ਬਣਾਓ। [30]ਇਸ ਵਿਚ ਵਿਆਹੁਤਾ ਸਬੰਧ ਸ਼ਾਮਿਲ ਹੈ। ਬਾਈਬਲ ਕਹਿੰਦੀ ਹੈ ਕਿ ਆਦਮ ਨੇ ਆਪਣੀ ਪਤਨੀ ਨਾਲ ''ਸੰਗ ਕੀਤਾ'' (ਉਤਪਤ 4:1; ਵੇਖੋ KJV)। NASB ਵਿਚ ''ਉਹਦੇ ਨਾਲ ਰਿਸ਼ਤਾ ਬਣਾਇਆ''

ਹੈ। ਮੇਰੇ ਕੋਲ ਜੋ NASB ਵਾਲੀ ਬਾਈਬਲ ਹੈ ਉਸ ਵਿਚ ਖ਼ਾਸ ਟਿੱਪਣੀ ''[ਮੂਲ ਵਿਚ], ਜਾਣਿਆ'' ਹੈ। ਪੂਰੀ ਬਾਈਬਲ ਵਿਚ, ਇੱਥੋਂ ਤਕ ਕਿ ਨਵੇਂ ਨੇਮ ਵਿਚ ਵੀ ਇਹੀ ਢੰਗ ਵਰਤਿਆ ਗਿਆ ਹੈ (ਵੇਖੋ ਮੱਤੀ 1:25; ਲੂਕਾ 1:34 [ਵੇਖੋ KJV])।

[31]ਚਾਹੋ ਤਾਂ ਜਿੱਥੇ ਕੋਸ਼ਿਸ਼ ਕੀਤੀ ਗਈ ਹੈ ਉੱਥੇ ਜ਼ੋਰ ਦੇਣ ਲਈ ਉਦਾਹਰਣਾਂ ਦੇ ਸਕਦੇ ਹੋ। ਉਦਾਹਰਣ ਲਈ ਦੌੜ ਵਿਚ ਭਾਗ ਨਾ ਲੈਣ ਵਾਲਾ ਬੰਦਾ ਹੋ ਸਕਦਾ ਹੈ ਕਿ ਦੌੜ ਵਿਚ ਭਾਗ ਲੈਣ ਵਾਲਿਆਂ ਨਾਲੋਂ ਤੇਜ਼ ਨੱਸਦਾ ਹੋਵੇ, ਪਰ ਉਸ ਨੂੰ ਜੇਤੂ ਹੋਣ ਦਾ ਤਮਗਾ ਨਹੀਂ ਮਿਲੇਗਾ (ਵੇਖੋ 2 ਤਿਮੋਥਿਉਸ 2:5; 1 ਕੁਰਿੰਥੀਆਂ 9:24)। ਉਹੀ ਉਦਾਹਰਣ ਵਰਤੋ ਜਿਸ ਤੋਂ ਤੁਹਾਡੇ ਸੁਣਨ ਵਾਲੇ ਜਾਣੂ ਹੋਣ। [32]ਖ਼ੁਦਾ ਦੇ ਫ਼ਜ਼ਲ ਲਈ ਉਹਦਾ ਸ਼ੁਕਰ ਕਰੋ (ਰੋਮੀਆਂ 6:23)! [33]ਮੈਕਗਰਵੇ ਅਤੇ ਪੈਂਡਲਟਨ, 268. [34]ਮਸੀਹੀਅਤ ਦੀ ਗਹਿਰਾਈ ਹੈ ਜਿਸ ਦੀ ਉੱਪਰਲੇ ਮਨ ਵਾਲੇ ਨੂੰ ਕਦੇ ਸਮਝ ਨਹੀਂ ਆਵੇਗੀ। [35]ਮੈਂ ਹੱਥ ਦੀ ਹਰਕਤ ਨੂੰ ਥੋੜ੍ਹਾ ਜਿਹਾ ਬਦਲ ਦਿੰਦਾ ਹਾਂ। ਮੈਂ ''ਪ੍ਰਭੂ ਦਾ ਵਚਨ'' ਆਖਦਿਆਂ ਆਪਣੇ ਹੱਥ ਨੂੰ ਕਿਤਾਬ ਵਾਂਗ ਖੋਲ੍ਹ ਲੈਂਦਾ ਹਾਂ ਅਤੇ ''ਜਦ ਅਸੀਂ ਉਸ ਦੀ ਮਰਜ਼ੀ ਪੂਰੀ ਕਰਦੇ ਹਾਂ'' ਕਹਿੰਦਿਆਂ ਇਕ ਹੱਥ ਨਾਲ ਉੱਪਰ ਨੂੰ ਇਸ਼ਾਰਾ ਕਰਦਾ ਹਾਂ। [36]ਇਸ ਕਿਤਾਬ ਵਿਚ ''ਇਖ਼ਤਿਆਰ ਵਾਲੇ ਵਾਂਗ'' ਪਾਠ ਵਿਚ ਮਰਕੁਸ 1:22 ਦੇ ਟਿੱਪਣੀਆਂ ਵਿਚ ''ਗ੍ਰੰਥੀਆਂ ਵਾਂਗ ਨਹੀਂ'' ਬਾਰੇ ਟਿੱਪਣੀਆਂ ਵੇਖੋ।